
# ਕੰਪਿਊਟਰ ਨਾਲ ਜਾਣ- ਪਛਾਣ








## ਕੰਪਿਊਟਰ ਦੇ ਵੱਖ-ਵੱਖ ਭਾਗ:




1. ਮੋਨੀਟਰ
2. ਸਿਸਟਮ ਯੂਨਿਟ
3. ਸਪੀਕਰ
4. ਮਾਊਸ
5. ਪ੍ਰਿੰਟਰ
6. ਕੀਅ-ਬੋਰਡ

## ਕੀਅ-ਬੋਰਡ ਅਤੇ ਇਸ ਦੀਆਂ ਕੀਅਜ਼:



| ਕੰਪਿਊਟਰ ਦੇ ਭਾਗ | ਕੰਪਿਊਟਰ ਦੇ ਭਾਗ ਦਾ ਨਾਂ ਅਤੇ ਉਸ ਬਾਰੇ ਜੋ ਜਾਣਕਾਰੀ ਤੁਹਾਨੂੰ ਪਤਾ ਹੈ ਉਹ ਲਿਖੋ |
|---|---|
|  | |
|  | |
|  | |
|  | |
|  | |
|  | |

## ਪਾਠ – 1 (ਕੰਪਿਊਟਰ ਨਾਲ ਜਾਣ-ਪਛਾਣ)

### ਖਾਲੀ ਥਾਵਾਂ ਭਰੋ।

1. ____________________ ਇਲੈਕਟੌਨਿਕ ਮਸ਼ੀਨ ਹੈ।
ੳ. ਟੀ.ਵੀ. ਅ. ਟਾਈਪ ਰਾਈਟਰ ੲ. **ਕੰਪਿਊਟਰ** ਸ. ਉਪਰੋਕਤ ਸਾਰੇ
2. ਕੰਪਿਊਟਰ ਦੀ ਰਫਤਾਰ ____________________ ਹੁੰਦੀ ਹੈ।
ੳ. **ਤੇਜ਼** ਅ. ਧੀਮੀ ੲ. ਮੱਧਮ ਸ. ਇਹਨਾਂ ਵਿਚੋਂ ਕੋਈ ਨਹੀਂ
3. ਕੰਪਿਊਟਰ ਦੀ ਵਿਸ਼ਾਲ ________________ ਹੁੰਦੀ ਹੈ।
ੳ. ਰਫਤਾਰ ਅ. **ਮੈਮਰੀ** ੲ. ਡਿਸਪਲੇਅ ਸ. ਕੀਅ-ਬੋਰਡ
4. ਵਪਾਰ ਵਿਚ ਕੰਪਿਊਟਰ ਦੀ ਵਰਤੋਂ ________________ ਤਿਆਰ ਕਰਨ ਲਈ ਕੀਤੀ ਜਾਂਦੀ ਹੈ।
ੳ. ਕੈਸ਼ ਅ. ਟਿਕਟਾਂ ੲ. **ਵਹੀ-ਖਾਤਾ** ਸ. ਕੋਈ ਨਹੀਂ
5. ਕੰਪਿਊਟਰ ਦੀ ਵਰਤੋਂ ਸਿੱਖਿਆ ਦੇ ਖੇਤਰ ਵਿਚ ____________ ਅਤੇ ______________ ਰਾਹੀਂ ਕੀਤੀ ਜਾਂਦੀ ਹੈ।
ੳ. **ਅਧਿਆਪਕਾਂ, ਵਿਦਿਆਰਥੀਆਂ** ਅ. ਵਪਾਰੀਆਂ, ਬੈਂਕਰਾਂ ੲ. ਮਾਪੇ, ਬੱਚਿਆਂ ਸ. ਉਪਰੋਕਤ ਸਾਰੇ

### ਸਹੀ ਅਤੇ ਗਲਤ ਦਸੋ

1. ਕੰਪਿਊਟਰ ਹਿਸਾਬ ਕਿਤਾਬ ਦੀਆਂ ਗਣਨਾਵਾਂ ਕਰ ਸਕਦਾ ਹੈ। **(ਸਹੀ)**
2. ਕੰਪਿਊਟਰ ਆਪਣੇ ਆਪ ਕੋਈ ਫੈਂਸਲਾ ਨਹੀਂ ਕਰ ਸਕਦਾ। **(ਸਹੀ)**
3. ਕੰਪਿਊਟਰ ਦੀ ਭੰਡਾਰਣ ਸਮੱਰਥਾ ਨਹੀਂ ਹੁੰਦੀ। **(ਗਲਤ)**
4. ਕੰਪਿਊਟਰ ਗਲਤ ਹਦਾਇਤਾਂ ਨੂੰ ਠੀਕ ਨਹੀਂ ਕਰ ਸਕਦਾ। **(ਸਹੀ)**
5. ਕੰਪਿਊਟਰ ਇਕ ਇਲੈਕਟ੍ਰਿਕ ਮਸ਼ੀਨ ਹੈ ਜੋ ਕਿ ਇਨਪੁੱਟ ਪ੍ਰਾਪਤ ਕਰਦੀ ਹੈ, ਇਸਨੂੰ ਪ੍ਰੋਸੈਸ ਕਰਦੀ ਹੈ ਅਤੇ ਨਤੀਜਾ ਦਿੰਦੀ ਹੈ।**(ਸਹੀ)**

### ਛੋਟੇ ਉਤਰਾਂ ਵਾਲੇ ਪ੍ਰਸ਼ਨ:


**ਪ੍ਰ: 1. ਕੰਪਿਊਟਰ ਕੀ ਹੈ?**


ਚਿੱਤਰ : ਕੰਪਿਊਟਰ

ੳ: ਕੰਪਿਊਟਰ ਇਕ ਇਲੈਕਟ੍ਰੋਨਿਕ ਮਸ਼ੀਨ ਹੈ। ਇਹ ਸੂਚਨਾ ਨਾਲ ਕੰਮ ਕਰਨ ਲਈ ਤਿਆਰ ਕੀਤਾ ਗਿਆ ਸੀ। ਕੰਪਿਊਟਰ ਯੂਜ਼ਰ ਤੋਂ ਡਾਟਾ ਅਤੇ ਹਦਾਇਤਾਂ ਪ੍ਰਾਪਤ ਕਰਦਾ ਹੈ ਅਤੇ ਇਹਨਾਂ ਉਪਰ ਕੰਮ ਕਰਕੇ ਯੂਜ਼ਰ ਨੂੰ ਨਤੀਜਾ ਦਿੰਦਾ ਹੈ।

**ਪ੍ਰ: 2. ਕੰਪਿਊਟਰ ਦੀ ਪਰਿਭਾਸ਼ਾ ਦਿਓ।**

ੳ: ਕੰਪਿਊਟਰ ਇਕ ਇਲੈਕਟ੍ਰੋਨਿਕ ਮਸ਼ੀਨ ਹੈ ਜੋ ਯੂਜ਼ਰ ਤੋਂ ਡਾਟਾ ਅਤੇ ਹਦਾਇਤਾਂ ਪ੍ਰਾਪਤ ਕਰਦਾ ਹੈ। ਇਹ ਡਾਟਾ ਉਪਰ ਹਦਾਇਤਾਂ ਅਨੁਸਾਰ ਪ੍ਰੋਸੈਸਿੰਗ ਕਰਦਾ ਹੈ ਅਤੇ ਯੂਜ਼ਰ ਨੂੰ ਆਉਟਪੁਟ ਦਿੰਦਾ ਹੈ। ਕੰਪਿਊਟਰ ਇਸ ਆਉਟਪੁਟ ਨੂੰ ਭਵਿੱਖ ਵਿਚ ਵਰਤੋਂ ਲਈ ਸਾਂਭ ਕੇ ਵੀ ਰੱਖ ਸਕਦਾ ਹੈ। ਹੇਠਾਂ ਦਿੱਤਾ ਚਿੱਤਰ ਕੰਪਿਊਟਰ ਦੇ ਇਹਨਾਂ ਮੁੱਢਲੇ ਕੰਮਾਂ ਨੂੰ ਦਰਸ਼ਾ ਰਿਹਾ ਹੈ।



ਚਿੱਤਰ : ਕੰਪਿਊਟਰ ਦੇ ਮੁਢਲੇ ਕੰਮ

**ਪ੍ਰ: 3. ਅਸੀਂ ਕੰਪਿਊਟਰ ਤੇ ਕੀ ਕਰ ਸਕਦੇ ਹਾਂ।**

ੳ: ਅਸੀਂ ਕੰਪਿਊਟਰ ਤੇ ਕਈ ਤਰ੍ਹਾਂ ਦਾ ਕੰਮ ਕਰ ਸਕਦੇ ਹਾਂ। ਕੁੱਝ ਆਮ ਕੀਤੇ ਜਾਣ ਵਾਲੇ ਕੰਮ ਹੇਠ ਲਿਖੇ ਅਨੁਸਾਰ ਹਨ:

1. ਅਸੀਂ ਕੰਪਿਊਟਰ ਤੇ **ਗਣਨਾਵਾਂ ਕਰ** ਸਕਦੇ ਹਾਂ।
2. ਅਸੀਂ ਕੰਪਿਊਟਰ ਤੇ **ਤਸਵੀਰਾਂ ਬਣਾ** ਸਕਦੇ ਹਾਂ।
3. ਅਸੀਂ ਕੰਪਿਊਟਰ ਤੇ **ਗੇਮਾਂ ਖੇਡ** ਸਕਦੇ ਹਾਂ।
4. ਅਸੀਂ ਕੰਪਿਊਟਰ ਤੇ **ਗਾਣੇ ਸੁਣ** ਸਕਦੇ ਹਾਂ।
5. ਅਸੀਂ ਕੰਪਿਊਟਰ ਤੇ **ਫ਼ਿਲਮਾਂ ਦੇਖ** ਸਕਦੇ ਹਾਂ।
6. ਅਸੀਂ ਕੰਪਿਊਟਰ ਤੇ **ਰੇਲਵੇ, ਬੱਸਾਂ ਆਦਿ ਦੀਆਂ ਟਿਕਟਾਂ ਬੁੱਕ** ਕਰ ਸਕਦੇ ਹਾਂ।
7. ਅਸੀਂ ਕੰਪਿਊਟਰ ਤੇ ਵੱਖ-ਵੱਖ ਥਾਵਾਂ ਦੇ **ਮੌਸਮ ਦੀ ਜਾਣਕਾਰੀ** ਹਾਸਿਲ ਕਰ ਸਕਦੇ ਹਾਂ।
8. ਅਸੀਂ ਕੰਪਿਊਟਰ ਤੇ **ਸਕੂਲ ਦੀ ਸਮਾਂ ਸਾਰਣੀ ਅਤੇ ਨਤੀਜਾ** ਆਦਿ ਬਣਾ ਸਕਦੇ ਹਾਂ।

**ਪ੍ਰ: 4. ਸਿਹਤ ਅਤੇ ਦਵਾਈਆਂ ਦੇ ਖੇਤਰ ਵਿਚ ਕੰਪਿਊਟਰ ਕਿਵੇਂ ਮਦਦਗਾਰ ਹੈ?**

ੳ: ਸਿਹਤ ਅਤੇ ਦਵਾਈਆਂ ਦੇ ਹਰ ਖੇਤਰ ਵਿਚ ਕੰਪਿਊਟਰ ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਨ ਲਈ:

- ਕੰਪਿਊਟਰ ਦੀ ਵਰਤੋਂ ਹਸਪਤਾਲਾਂ ਵਿਚ ਮਰੀਜਾਂ ਦਾ ਰਿਕਾਰਡ ਰੱਖਣ ਲਈ ਕੀਤੀ ਜਾਂਦੀ ਹੈ।
- ਕੰਪਿਊਟਰ ਦੀ ਵਰਤੋਂ ਹਸਪਤਾਲਾਂ ਵਿਚ ਮਰੀਜਾਂ ਦੀਆਂ ਬਿਮਾਰੀਆਂ ਦੀ ਜਾਂਚ ਪੜਤਾਲ ਕਰਨ ਲਈ ਕੀਤੀ ਜਾਂਦੀ ਹੈ।
- ਕੰਪਿਊਟਰ ਦੀ ਵਰਤੋਂ ਲੈਬੋਰੇਟਰੀ ਵਿਚ ਮੈਡੀਕਲ ਟੈਸਟ ਕਰਨ ਲਈ ਕੀਤੀ ਜਾਂਦੀ ਹੈ।

**ਪ੍ਰ: 5. ਬੈਂਕਾਂ ਵਿਚ ਕੰਪਿਊਟਰ ਕਿਵੇਂ ਮਦਦਗਾਰ ਹੈ?**

ੳ: ਅੱਜ ਕੱਲ ਬੈਕਾਂ ਵਿਚ ਕੰਪਿਊਟਰਾਂ ਦੀ ਵਰਤੋਂ ਬਹੁਤ ਜਿਆਦਾ ਵੱਧ ਗਈ ਹੈ। ਬੈਂਕਾਂ ਦਾ ਕੰਮ ਕੰਪਿਊਟਰ ਤੋਂ ਬਿਨ੍ਹਾਂ ਸੰਭਵ ਹੀ ਨਹੀਂ ਰਿਹਾ। ਬੈਂਕਾਂ ਦੇ ਸਾਰੇ ਗ੍ਰਾਹਕਾਂ ਦਾ ਰਿਕਾਰਡ, ਉਨ੍ਹਾਂ ਦੇ ਖਾਤਿਆਂ ਦਾ ਰਿਕਾਰਡ ਆਦਿ ਸਭ ਕੁੱਝ ਕੰਪਿਊਟਰ ਵਿਚ ਹੀ ਸਾਂਭ ਕੇ ਰੱਖਿਆ ਜਾਂਦਾ ਹੈ। ATM ਮਸ਼ੀਨਾਂ ਵੀ ਕੰਪਿਊਟਰਾਂ ਉਪਰ ਹੀ ਆਧਾਰਿਤ ਹੁੰਦੀਆਂ ਹਨ। ਇਹਨਾਂ ATM ਦੀ ਵਰਤੋਂ ਨਾਲ ਅਸੀਂ ਕਿਸੇ ਵੀ ਸਮੇਂ ਪੈਸੇ ਜਮ੍ਹਾਂ ਅਤੇ ਕਢਵਾ ਸਕਦੇ ਹਾਂ।

## ਵੱਡੇ ਉਤਰਾਂ ਵਾਲੇ ਪ੍ਰਸ਼ਨ:

**ਪ੍ਰ: 1. ਕੰਪਿਊਟਰ ਦੀ ਵਰਤੋਂ ਕਿਹੜੇ ਕਿਹੜੇ ਖੇਤਰ ਵਿਚ ਹੋ ਸਕਦੀ ਹੈ? ਇਸਦੇ ਬਾਰੇ ਲਿਖੋ।**

ਉ: ਕੰਪਿਊਟਰ ਦੀ ਵਰਤੋਂ ਕਈ ਖੇਤਰਾਂ ਵਿਚ ਕੀਤੀ ਜਾਂਦੀ ਹੈ। ਕੁੱਝ ਮੁੱਖ ਖੇਤਰ ਹੇਠ ਲਿਖੇ ਅਨੁਸਾਰ ਹਨ:

**1. ਸਿੱਖਿਆ ਦੇ ਖੇਤਰ ਵਿਚ:** ਸਿੱਖਿਆ ਦੇ ਖੇਤਰ ਵਿਚ ਕੰਪਿਊਟਰਾਂ ਦੀ ਵਰਤੋਂ ਅਧਿਆਪਕ ਅਤੇ ਵਿਦਿਆਰਥੀਆਂ ਵਲੋਂ ਵੱਖ-ਵੱਖ ਕੰਮਾਂ ਲਈ ਕੀਤੀ ਜਾਂਦੀ ਹੈ।

**2. ਸਿਹਤ ਅਤੇ ਦਵਾਈਆਂ ਦੇ ਖੇਤਰ ਵਿਚ:** ਕੰਪਿਊਟਰ ਦੀ ਵਰਤੋਂ ਹਸਪਤਾਲਾਂ ਵਿਚ ਮਰੀਜਾਂ ਦਾ ਰਿਕਾਰਡ ਰੱਖਣ ਲਈ, ਬਿਮਾਰੀਆਂ ਦੀ ਜਾਂਚ ਪੜਤਾਲ ਅਤੇ ਮੈਡੀਕਲ ਟੈਸਟ ਆਦਿ ਕਰਨ ਲਈ ਕੀਤੀ ਜਾਂਦੀ ਹੈ।

**3. ਦੁਕਾਨਾਂ ਵਿਚ:** ਦੁਕਾਨਦਾਰ ਆਪਣੀ ਦੁਕਾਨ ਦੇ ਸਮਾਨ ਦੀ ਖਰੀਦ ਫਰੋਖਤ, ਟੈਕਸ ਆਦਿ ਦਾ ਰਿਕਾਰਡ ਰੱਖਣ ਲਈ ਕੰਪਿਊਟਰ ਦੀ ਵਰਤੋਂ ਕਰਦਾ ਹੈ।

**4. ਵਪਾਰ ਵਿਚ:** ਵਪਾਰੀ ਲੋਕ ਆਪਣੇ ਵਹੀ-ਖਾਤਿਆਂ ਦਾ ਰਿਕਾਰਡ ਰੱਖਣ ਲਈ ਕੰਪਿਊਟਰ ਦੀ ਵਰਤੋਂ ਕਰਦੇ ਹਨ।

**5. ਬੈਂਕਾਂ ਵਿਚ:** ਬੈਂਕਾਂ ਦੇ ਸਾਰੇ ਗ੍ਰਾਹਕਾਂ ਦਾ ਰਿਕਾਰਡ, ਉਨ੍ਹਾਂ ਦੇ ਖਾਤਿਆਂ ਦਾ ਰਿਕਾਰਡ ਆਦਿ ਸਭ ਕੁੱਝ ਕੰਪਿਊਟਰ ਵਿਚ ਹੀ ਸਾਂਭ ਕੇ ਰੱਖਿਆ ਜਾਂਦਾ ਹੈ।

**6. ਮਨੋਰੰਜਨ ਦੇ ਖੇਤਰ ਵਿਚ:** ਕੰਪਿਊਟਰ ਦੀ ਵਰਤੋਂ ਮਨੋਰੰਜਨ ਲਈ, ਗਾਣੇ ਸੁਣਨ ਲਈ, ਗੇਮਾਂ ਖੇਡਣ ਲਈ, ਫ਼ਿਲਮਾਂ ਦੇਖਣ ਲਈ ਕੀਤੀ ਜਾਂਦੀ ਹੈ।

**ਪ੍ਰ: 2. ਕੰਪਿਊਟਰ ਦੀਆਂ ਵਿਸ਼ੇਸ਼ਤਾਵਾਂ ਬਾਰੇ ਲਿਖੋ।**

ਉ: ਕੰਪਿਊਟਰ ਇਕ ਬਹੁਤ ਲਾਭਦਾਇਕ ਮਸ਼ੀਨ ਹੈ। ਇਸ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ:

**1. ਰਫ਼ਤਾਰ:** ਕੰਪਿਊਟਰ ਦੀ ਕੰਮ ਕਰਨ ਦੀ ਰਫਤਾਰ ਬਹੁਤ ਤੇਜ਼ ਹੁੰਦੀ ਹੈ। ਇਹ ਇੱਕ ਸਕਿੰਟ ਵਿਚ ਕਈ ਲੱਖ ਹਦਾਇਤਾਂ ਉਪਰ ਕੰਮ ਕਰ ਸਕਦਾ ਹੈ।

**2. ਸ਼ੁੱਧਤਾ:** ਕੰਪਿਊਟਰ ਦੇ ਕੰਮ ਕਰਨ ਦੀ ਸ਼ੁੱਧਤਾ ਦਾ ਮਾਪ-ਦੰਡ ਬਹੁਤ ਉੱਚਾ ਹੁੰਦਾ ਹੈ।

**3. ਇਕਾਗਰਤਾ:** ਕੰਪਿਊਟਰ ਨੂੰ ਕੋਈ ਵੀ ਥਕਾਵਟ ਜਾਂ ਕੰਮ ਦਾ ਬੋਝ ਨਹੀਂ ਹੁੰਦਾ। ਇਹ ਬਿਨ੍ਹਾਂ ਕੋਈ ਗਲਤੀ ਕਰੇ ਲਗਾਤਾਰ ਕਈ ਘੰਟੇ ਇਕਾਗਰਤਾ ਨਾਲ ਕੰਮ ਕਰ ਸਕਦਾ ਹੈ।

**4. ਬਹੁਗੁਣਤਾ:** ਕੰਪਿਊਟਰ ਇਕੋ ਸਮੇਂ ਇਕ ਤੋਂ ਵੱਧ ਵੱਖ-ਵੱਖ ਕੰਮਾਂ ਨੂੰ ਕਰਨ ਦੀ ਸਮਰੱਥਾ ਰੱਖਦਾ ਹੈ। ਕੰਪਿਊਟਰ ਦਾ ਇਹ ਗੁਣ ਬਹੁਗੁਣਤਾ ਅਖਵਾਉਂਦਾ ਹੈ।

**5. ਆਟੋਮੇਸ਼ਨ:** ਕੰਪਿਊਟਰ ਜਦੋਂ ਕੋਈ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਇਹ ਮਨੁੱਖ ਦੀ ਦਖ਼ਲ-ਅੰਦਾਜ਼ੀ ਤੋਂ ਬਿਨ੍ਹਾਂ ਆਪਣਾ ਕੰਮ ਕਰਦਾ ਰਹਿੰਦਾ ਹੈ।

**6. ਭੰਡਾਰਨ:** ਕੰਪਿਊਟਰ ਬਹੁਤ ਵੱਡੀ ਮਾਤਰਾ ਵਿਚ ਡਾਟਾ ਨੂੰ ਲੰਬੇ ਸਮੇਂ ਤੱਕ ਸਟੋਰ ਕਰਕੇ ਰੱਖ ਸਕਦਾ ਹੈ।

**ਪ੍ਰ: 3. ਕੰਪਿਊਟਰ ਦੀਆਂ ਸੀਮਾਵਾਂ ਬਾਰੇ ਦੱਸੋ।**

ਉ: ਕੰਪਿਊਟਰ ਇਕ ਬਹੁਤ ਤੇਜ਼ ਅਤੇ ਸ਼ਕਤੀਸ਼ਾਲੀ ਮਸ਼ੀਨ ਹੈ, ਪਰ ਫਿਰ ਵੀ ਇਸ ਦੀਆਂ ਕਈ ਸੀਮਾਵਾਂ ਹਨ ਜੋ ਹੇਠ ਲਿਖੇ ਅਨੁਸਾਰ ਹਨ:

1. ਕੰਪਿਊਟਰ ਆਪਣੇ ਆਪ ਕੋਈ ਸੂਚਨਾ ਤਿਆਰ ਨਹੀਂ ਕਰ ਸਕਦਾ।
2. ਕੰਪਿਊਟਰ ਕਿਸੇ ਗਲਤ ਹਦਾਇਤ ਨੂੰ ਸਹੀ ਨਹੀਂ ਕਰ ਸਕਦਾ।
3. ਕੰਪਿਊਟਰ ਆਪਣੇ ਆਪ ਕੋਈ ਫੈਸਲਾ ਨਹੀਂ ਲੈ ਸਕਦਾ।
4. ਕੰਪਿਊਟਰ ਨੂੰ ਜਦੋਂ ਤੱਕ ਹਦਾਇਤ ਨਾਂ ਦਿੱਤੀ ਜਾਵੇ, ਇਹ ਆਪਣੇ ਆਪ ਕੋਈ ਕੰਮ ਨਹੀਂ ਕਰਦਾ।
5. ਕੰਪਿਊਟਰ ਦੀ ਆਪਣੀ ਕੋਈ ਭਾਵਨਾ ਜਾਂ ਵਿਚਾਰ ਨਹੀਂ ਹੁੰਦੇ।
6. ਕੰਪਿਊਟਰ ਦੀ ਆਪਣੀ ਕੋਈ ਸਮਝ ਜਾਂ ਤਜ਼ਰਬਾ ਨਹੀਂ ਹੁੰਦਾ।

## ਪਾਠ-2 (ਕੰਪਿਊਟਰ ਦੀ ਕਾਰਜ-ਪ੍ਰਣਾਲੀ)

### ਖਾਲੀ ਥਾਵਾਂ ਭਰੋ।

**1.** ________________ ਨੂੰ ਕੰਪਿਊਟਰ ਵਿਚ ਡਾਟਾ ਅਤੇ ਹਦਾਇਤਾਂ ਦਾਖਿਲ ਕਰਨ ਦੀ ਪ੍ਰਕਿਰਿਆ ਕਿਹਾ ਜਾਂਦਾ ਹੈ।

**ੳ. ਇਨਪੁੱਟ** ਅ. ਆਉਟਪੁੱਟ ੲ. ਸੀ.ਪੀ.ਯੂ. ਸ. ਇਹਨਾਂ ਵਿਚੋਂ ਕੋਈ ਨਹੀਂ

**2.** ਡਾਟਾ ਅਤੇ ਹਦਾਇਤਾਂ ਨੂੰ ਪੱਕੇ ਤੌਰ ਤੇ ਸੇਵ ਕਰਨ ਦੀ ਪ੍ਰਕ੍ਰਿਆ ਨੂੰ ____________ ਕਿਹਾ ਜਾਂਦਾ ਹੈ।

**ੳ.** ਮੈਮਰੀ ਅ. **ਸਟੋਰੇਜ** ੲ. ਪ੍ਰੋਸੈਸਿੰਗ ਸ. ਆਉਟਪੁੱਟ

**3.** ਡਾਟਾ ਨੂੰ ਪ੍ਰੋਸੈਸ ਕਰਕੇ ਮਹਤੱਵਪੂਰਨ ਸੂਚਨਾ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਨੂੰ ________ ਕਿਹਾ ਜਾਂਦਾ ਹੈ।

**ੳ.** ਇਨਪੁੱਟ ਅ. ਆਉਟਪੁੱਟ ੲ. **ਪ੍ਰੋਸੈਸਿੰਗ** ਸ. ਇਹਨਾਂ ਵਿਚੋਂ ਕੋਈ ਨਹੀਂ

**4.** ਪ੍ਰਾਈਮਰੀ ਮੈਮਰੀ ਨੂੰ ____________ ਮੈਮਰੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

**ੳ.** ਸੈਕੰਡਰੀ ਅ. **ਮੁੱਖ** ੲ. ਐਗਜ਼ੁਲਰੀ ਸ. ਇਹ ਸਾਰੇ

**5.** ਸੈਕੰਡਰੀ ਮੈਮਰੀ ਨੂੰ ____________ ਮੈਮਰੀ ਵੀ ਕਿਹਾ ਜਾਂਦਾ ਹੈ।

**ੳ.** ਸੈਕੰਡਰੀ ਅ. ਮੁੱਖ ੲ. **ਐਗਜ਼ੁਲਰੀ** ਸ. ਇਹ ਸਾਰੇ

### ਸਹੀ ਗਲਤ ਦੱਸੋ।

**1.** ਕੰਪਿਊਟਰ ਇਕ ਇਲੈਕਟ੍ਰੋਨਿਕ ਮਸ਼ੀਨ ਹੈ। **(ਸਹੀ)**

**2.** ਕੰਪਿਊਟਰ ਵਿਚ ਡਾਟਾ ਅਤੇ ਹਦਾਇਤਾਂ ਦਾਖਿਲ ਕਰਨ ਦੀ ਪ੍ਰਕਿਰਿਆ ਨੂੰ ਆਉਟਪੁੱਟ ਕਿਹਾ ਜਾਂਦਾ ਹੈ। **(ਗਲਤ)**

**3.** ਪ੍ਰੋਸੈਸਿੰਗ ਦੇ ਵਿਚਲੇ ਨਤੀਜੇ ਸਟੋਰੇਜ ਵਿਚ ਸਟੋਰ ਹੁੰਦੇ ਹਨ। **(ਸਹੀ)**

**4.** ਕੰਟਰੋਲ ਯੂਨਿਟ ਅੰਕ-ਗਣਿਤ ਅਤੇ ਲਾਜਿਕਲ ਕੰਮ ਕਰਦਾ ਹੈ। **(ਗਲਤ)**

**5.** ਮੈਮਰੀ ਦੋ ਤਰ੍ਹਾਂ ਦੀ ਹੁੰਦੀ ਹੈ: ਪ੍ਰਾਈਮਰੀ ਅਤੇ ਸੈਕੰਡਰੀ **(ਸਹੀ)**


**ਪੂਰੇ ਰੂਪ ਲਿਖੋ।**

| | | | |
|---|---|---|---|
| CPU | **(ਸੀ.ਪੀ.ਯੂ.)** | : Central Processing Unit | **(ਸੈਂਟਰਲ ਪ੍ਰੋਸੈਸਿੰਗ ਯੂਨਿਟ)** |
| ALU | **(ਏ.ਐਲ.ਯੂ.)** | : Arithmetic And Logic Unit | **(ਅਰਿਥਮੈਟਿਕ ਅਤੇ ਲੋਜਿਕ ਯੂਨਿਟ)** |
| CU | **(ਸੀ.ਯੂ.)** | : Control Unit | **(ਕੰਟਰੋਲ ਯੂਨਿਟ)** |
| MU | **(ਐਮ.ਯੂ.)** | : Memory Unit | **(ਮੈਮਰੀ ਯੂਨਿਟ)** |
| RAM | **(ਰੈਮ)** | : Random Access Memory | **(ਰੈਂਡਮ ਐਕਸੈਸ ਮੈਮਰੀ)** |
| ROM | **(ਰੋਮ)** | : Read Only Memory | **(ਰੀਡ ਓਨਲੀ ਮੈਮਰੀ)** |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**ਪ੍ਰ:1. ਕੰਪਿਊਟਰ ਦੇ ਮੁੱਢਲੇ ਕੰਮਾਂ ਦਾ ਚਿੱਤਰ ਬਣਾਓ।**


**ਉ:** ਕੰਪਿਊਟਰ ਦੇ ਮੁੱਢਲੇ ਕੰਮਾਂ ਦਾ ਚਿੱਤਰ ਹੇਠ ਲਿਖੇ ਅਨੁਸਾਰ ਹੈ:




ਚਿੱਤਰ : ਕੰਪਿਊਟਰ ਦੇ ਮੁਢਲੇ ਕੰਮ

**ਪ੍ਰ:2. ਸੀ.ਪੀ.ਯੂ. ਦਾ ਬਲਾਕ ਚਿੱਤਰ ਬਣਾਓ ਅਤੇ ਇਸਦੇ ਭਾਗਾਂ ਦੇ ਨਾਂ ਲਿਖੋ।**

**ਉ:** ਸੀ.ਪੀ.ਯੂ. ਦਾ ਬਲਾਕ ਚਿੱਤਰ ਹੇਠ ਲਿਖੇ ਅਨੁਸਾਰ ਹੈ:





ਚਿੱਤਰ: ਸੀ.ਪੀ.ਯੂ. ਦਾ ਬਲਾਕ-ਚਿੱਤਰ

**ਪ੍ਰ:3. ਮੈਮਰੀ ਬਾਰੇ ਜਾਣਕਾਰੀ ਦਿਓ ਅਤੇ ਮੈਮਰੀ ਦੀਆਂ ਦੋ ਕਿਸਮਾਂ ਦੇ ਨਾਂ ਲਿਖੋ।**

**ਉ:** ਮੈਮਰੀ ਕੰਪਿਊਟਰ ਸਿਸਟਮ ਦਾ ਇਕ ਅਹਿਮ ਭਾਗ ਹੈ। ਇਸ ਵਿਚ ਪ੍ਰੋਸੈਸਿੰਗ ਲਈ ਡਾਟਾ ਅਤੇ ਹਦਾਇਤਾਂ ਨੂੰ ਰੱਖਿਆ ਜਾਂਦਾ ਹੈ। ਮੈਮਰੀ ਦਾ ਸੀ.ਪੀ.ਯੂ. ਨਾਲ ਨਜ਼ਦੀਕੀ ਸੰਬੰਧ ਹੁੰਦਾ ਹੈ ਪਰ ਇਹ ਉਸ ਤੋਂ ਵੱਖਰੀ ਹੁੰਦੀ ਹੈ। ਕੰਪਿਊਟਰ ਸਿਸਟਮ ਵਿਚ ਦੋ ਕਿਸਮਾਂ ਦੀ ਮੈਮਰੀ ਹੁੰਦੀ ਹੈ:

1. ਪ੍ਰਾਈਮਰੀ ਮੈਮਰੀ
2. ਸੈਕੰਡਰੀ ਮੈਮਰੀ




ਚਿੱਤਰ: ਮੈਮਰੀ ਦੀਆਂ ਕਿਸਮਾਂ

**ਪ੍ਰ:4. ਪ੍ਰਾਈਮਰੀ ਮੈਮਰੀ ਅਤੇ ਸੈਕੰਡਰੀ ਮੈਮਰੀ ਵਿਚ ਅੰਤਰ ਲਿਖੋ।**

**ਉ:** ਪ੍ਰਾਈਮਰੀ ਮੈਮਰੀ ਅਤੇ ਸੈਕੰਡਰੀ ਮੈਮਰੀ ਦੋਵੇਂ ਕੰਪਿਊਟਰ ਸਿਸਟਮ ਦੇ ਮੁੱਖ ਭਾਗ ਹਨ। ਇਹਨਾਂ ਵਿਚ ਮੁੱਖ ਅੰਤਰ ਹੇਠ ਲਿਖੇ ਅਨੁਸਾਰ ਹੈ।

| | ਪ੍ਰਾਈਮਰੀ ਮੈਮਰੀ | ਸੈਕੰਡਰੀ ਮੈਮਰੀ |
|---|---|---|
| 1. | ਇਸ ਨੂੰ ਮੁੱਖ ਮੈਮਰੀ ਵੀ ਕਿਹਾ ਜਾਂਦਾ ਹੈ। | ਇਸ ਨੂੰ ਸਹਾਇਕ (ਐਗਜ਼ੁਲਰੀ) ਮੈਮਰੀ ਵੀ ਕਿਹਾ ਜਾਂਦਾ ਹੈ। |
| 2. | ਸੀ.ਪੀ.ਯੂ. ਦੀ ਇਸ ਮੈਮਰੀ ਤੱਕ ਸਿੱਧੀ ਪਹੁੰਚ ਹੁੰਦੀ ਹੈ। | ਸੀ.ਪੀ.ਯੂ. ਦੀ ਇਸ ਮੈਮਰੀ ਤੱਕ ਸਿੱਧੀ ਪਹੁੰਚ ਨਹੀਂ ਹੁੰਦੀ। |
| 3. | ਇਹ ਮੈਮਰੀ ਡਾਟਾ ਨੂੰ ਆਰਜੀ ਤੌਰ ਤੇ ਸਟੋਰ ਕਰਕੇ ਰੱਖਦੀ ਹੈ। | ਇਹ ਮੈਮਰੀ ਡਾਟਾ ਨੂੰ ਲੰਬੇ ਸਮੇਂ ਤੱਕ ਸਟੋਰ ਕਰਕੇ ਰੱਖਦੀ ਹੈ। |
| 4. | ਇਸ ਮੈਮਰੀ ਦੀ ਸਟੋਰੇਜ਼ ਸਮਰੱਥਾ ਸੀਮਿਤ ਹੁੰਦੀ ਹੈ। | ਇਸ ਮੈਮਰੀ ਦੀ ਸਟੋਰੇਜ਼ ਸਮਰੱਥਾ ਬਹੁਤ ਜ਼ਿਆਦਾ ਹੁੰਦੀ ਹੈ। |
| 5. | ਇਹ ਮੈਮਰੀ ਮਹਿੰਗੀ ਹੁੰਦੀ ਹੈ। | ਇਹ ਮੈਮਰੀ ਸਸਤੀ ਹੁੰਦੀ ਹੈ। |

**ਪ੍ਰ:5. ਲੈਪਟਾਪ ਬਾਰੇ ਜਾਣਕਾਰੀ ਦਿਓ।**

ਉ: ਇਹ ਇਕ ਪੋਰਟੇਬਲ ਪਰਸਨਲ ਕੰਪਿਊਟਰ ਹੁੰਦਾ ਹੈ। ਇਹ ਵਜ਼ਨ ਵਿੱਚ ਹਲਕਾ ਅਤੇ ਆਕਾਰ ਵਿਚ ਛੋਟਾ ਹੁੰਦਾ ਹੈ। ਇਸ ਨੂੰ ਅਸੀਂ ਆਪਣੀ ਗੋਦ ਵਿਚ ਰੱਖ ਕੇ ਵੀ ਚਲਾ ਸਕਦੇ ਹਾਂ। ਇਸਦੀ ਆਪਣੀ ਬੈਟਰੀ ਵੀ ਹੁੰਦੀ ਹੈ ਜਿਸ ਦੀ ਸਹਾਇਤਾ ਨਾਲ ਅਸੀਂ ਇਸਨੂੰ ਬਿਨ੍ਹਾਂ ਬਿਜਲੀ ਤੋਂ ਕਾਫੀ ਸਮੇਂ ਲਈ ਚਲਾ ਸਕਦੇ ਹਾਂ। ਲੈਪਟੋਪ ਨੂੰ ਆਸਾਨੀ ਨਾਲ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਇਆ ਜਾ ਸਕਦਾ ਹੈ।



**ਪ੍ਰ:6. ਟੈਬਲੇਟ ਕੀ ਹੁੰਦਾ ਹੈ?**




ਉ: ਇਹ ਬਹੁਤ ਹੀ ਪਤਲਾ ਪੋਰਟੇਬਲ ਕੰਪਿਊਟਰ ਹੁੰਦਾ ਹੈ। ਇਸ ਨੂੰ ਆਮ ਤੌਰ ਤੇ ਬੈਟਰੀ ਨਾਲ ਸਪਲਾਈ ਦਿੱਤੀ ਜਾਂਦੀ ਹੈ। ਇਸ ਦੀ ਸਕ੍ਰੀਨ ਟੱਚ-ਸਕ੍ਰੀਨ ਹੁੰਦੀ ਹੈ ਜੋ ਕਿ ਇਸਨੂੰ ਇਨਪੁੱਟ ਪ੍ਰਦਾਨ ਕਰਨ ਦਾ ਕੰਮ ਕਰਦੀ ਹੈ। ਟੈਬਲੇਟ ਨੂੰ ਆਸਾਨੀ ਨਾਲ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਇਆ ਜਾ ਸਕਦਾ ਹੈ।

## ਵੱਡੇ ਉਤਰਾਂ ਵਾਲੇ ਪ੍ਰਸ਼ਨ:

**ਪ੍ਰ:1. ਕੰਪਿਊਟਰ ਦੇ ਮੁੱਢਲੇ ਕੰਮਾਂ ਬਾਰੇ ਜਾਣਕਾਰੀ ਦਿਓ।**

**ਉ:** ਕੰਪਿਊਟਰ ਦੇ ਮੁਢਲੇ ਕੰਮਾਂ ਨੂੰ ਹੇਠ ਲਿਖੇ ਚਿੱਤਰ ਨਾਲ ਦਰਸ਼ਾਇਆ ਜਾ ਸਕਦਾ ਹੈ।




ਚਿੱਤਰ : ਕੰਪਿਊਟਰ ਦੇ ਮੁਢਲੇ ਕੰਮ

ਕੰਪਿਊਟਰ ਦੇ ਮੁੱਢਲੇ ਕੰਮਾਂ ਨੂੰ ਅਸੀਂ ਇਸ ਤਰ੍ਹਾਂ ਬਿਆਨ ਕਰ ਸਕਦੇ ਹਾਂ:

1. **ਇਨਪੁੱਟ:** ਇਹ ਕੰਪਿਊਟਰ ਵਿਚ ਡਾਟਾ ਅਤੇ ਹਦਾਇਤਾਂ ਦਾਖਿਲ ਕਰਨ ਦੀ ਪ੍ਰਕ੍ਰਿਆ ਹੈ। ਯੂਜ਼ਰ ਕੰਪਿਊਟਰ ਨੂੰ ਕੰਮ ਕਰਨ ਲਈ ਡਾਟਾ ਅਤੇ ਹਦਾਇਤਾ ਮੁਹਈਆ ਕਰਵਾਉਂਦਾ ਹੈ।
2. **ਸਟੋਰੇਜ਼:** ਡਾਟਾ ਅਤੇ ਹਦਾਇਤਾਂ ਨੂੰ ਪੱਕੇ ਤੌਰ ਤੇ ਸੁਰੱਖਿਅਤ ਰੱਖਣ ਦੀ ਪ੍ਰਕ੍ਰਿਆ ਨੂੰ ਸਟੋਰੇਜ ਕਿਹਾ ਜਾਂਦਾ ਹੈ। ਇਹ ਸੀ.ਪੀ.ਯੂ. ਨੂੰ ਡਾਟਾ ਅਤੇ ਹਦਾਇਤਾਂ ਮੁਹਈਆ ਕਰਵਾਉਣ ਲਈ ਥਾਂ ਮੁਹਈਆ ਕਰਵਾਉਂਦਾ ਹੈ।
3. **ਪ੍ਰੋਸੈਸਿੰਗ:** ਡਾਟਾ ਉਪਰ ਕੰਮ ਕਰਨ ਦੀ ਪ੍ਰਕ੍ਰਿਆ ਨੂੰ ਪ੍ਰੋਸੈਸਿੰਗ ਕਿਹਾ ਜਾਂਦਾ ਹੈ। ਇਨਪੁੱਟ ਪ੍ਰਾਪਤ ਹੋਣ ਤੋ ਬਾਅਦ ਸੀ.ਪੀ.ਯੂ. ਡਾਟਾ ਉਪਰ ਕਾਰਵਾਈ ਕਰਦਾ ਹੈ।
4. **ਆਉਟਪੁੱਟ:** ਡਾਟੇ ਤੋਂ ਸੂਚਨਾ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਨੂੰ ਆਉਟਪੁਟ ਕਿਹਾ ਜਾਂਦਾ ਹੈ। ਡਾਟਾ ਉਪਰ ਕੰਮ ਕਰਨ ਤੋਂ ਬਾਅਦ ਕੰਪਿਊਟਰ ਆਉਟਪੁੱਟ ਪੈਦਾ ਕਰਦਾ ਹੈ।

**ਪ੍ਰ:2. ਪ੍ਰਾਈਮਰੀ ਮੈਮਰੀ ਬਾਰੇ ਦੱਸੋ।**

ਉ: ਪ੍ਰਾਈਮਰੀ ਮੈਮਰੀ ਨੂੰ **ਮੁੱਖ ਮੈਮਰੀ** ਵੀ ਕਿਹਾ ਜਾਂਦਾ ਹੈ। ਇਹ ਦੋ ਤਰ੍ਹਾਂ ਦੀ ਹੁੰਦੀ ਹੈ: **ਰੈਮ (RAM) ਅਤੇ ਰੋਮ (ROM)।** ਸੀ.ਪੀ.ਯੂ. ਦੀ ਇਸ ਮੈਮਰੀ ਤੱਕ ਸਿੱਧੀ ਪਹੁੰਚ ਹੁੰਦੀ ਹੈ। ਸੀ.ਪੀ.ਯੂ. ਇਸ ਮੈਮਰੀ ਵਿਚੋਂ ਡਾਟਾ ਅਤੇ ਹਦਾਇਤਾਂ ਨੂੰ ਪੜ੍ਹਦਾ ਹੈ ਅਤੇ ਲਾਗੂ ਕਰਦਾ ਹੈ। ਪ੍ਰਾਈਮਰੀ ਮੈਮਰੀ ਨੂੰ **ਵੋਲੇਟਾਈਲ ਮੈਮਰੀ** ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਮੈਮਰੀ ਵਿਚ ਪਿਆ ਸਾਰਾ ਡਾਟਾ ਨਸ਼ਟ ਹੋ ਜਾਵੇਗਾ ਜੇਕਰ ਕੰਪਿਊਟਰ ਅਚਾਨਕ ਬੰਦ ਹੋ ਜਾਵੇ। ਇਹ ਮੈਮਰੀ ਡਾਟਾ ਨੂੰ ਆਰਜੀ ਤੌਰ ਤੇ ਸਟੋਰ ਕਰਕੇ ਰੱਖਦੀ ਹੈ। ਇਸ ਮੈਮਰੀ ਦੀ ਸਟੋਰੇਜ਼ ਸਮਰੱਥਾ ਸੀਮਿਤ ਹੁੰਦੀ ਹੈ।ਇਹ ਮੈਮਰੀ ਮਹਿੰਗੀ ਹੁੰਦੀ ਹੈ।

**ਪ੍ਰ:3. ਸੈਕੰਡਰੀ ਮੈਮਰੀ ਬਾਰੇ ਦੱਸੋ।**

ਉ: ਇਸ ਨੂੰ **ਸਹਾਇਕ (ਐਗਜ਼ੁਲਰੀ) ਮੈਮਰੀ** ਵੀ ਕਿਹਾ ਜਾਂਦਾ ਹੈ।ਸੀ.ਪੀ.ਯੂ. ਦੀ ਇਸ ਮੈਮਰੀ ਤੱਕ ਸਿੱਧੀ ਪਹੁੰਚ ਨਹੀਂ ਹੁੰਦੀ।ਬਿਜਲੀ ਜਾਣ ਤੇ ਇਸ ਵਿਚ ਸਟੋਰ ਪਿਆ ਡਾਟਾ ਨਸ਼ਟ ਨਹੀਂ ਹੁੰਦਾ। ਇਸ ਲਈ ਇਸ ਮੈਮਰੀ ਨੂੰ **ਨਾਨ-ਵੋਲੇਟਾਈਲ ਮੈਮਰੀ** ਵੀ ਕਿਹਾ ਜਾਂਦਾ ਹੈ। ਇਹ ਮੈਮਰੀ ਡਾਟਾ ਨੂੰ ਲੰਬੇ ਸਮੇਂ ਤੱਕ ਸਟੋਰ ਕਰਕੇ ਰੱਖਦੀ ਹੈ।ਇਸ ਮੈਮਰੀ ਦੀ ਸਟੋਰੇਜ਼ ਸਮਰੱਥਾ ਬਹੁਤ ਜ਼ਿਆਦਾ ਹੁੰਦੀ ਹੈ।ਇਹ ਮੈਮਰੀ ਸਸਤੀ ਹੁੰਦੀ ਹੈ। ਹਾਰਡ ਡਿਸਕ, ਸੀ.ਡੀ., ਡੀ.ਵੀ.ਡੀ., ਪੈਨੱ ਡਰਾਈਵ ਆਦਿ ਸੈਕੰਡਰੀ ਮੈਮਰੀ ਦੀਆਂ ਉਦਾਹਰਣਾਂ ਹਨ।

**ਪ੍ਰ:4. ਕੰਟਰੋਲ ਯੂਨਿਟ ਦੀ ਵਿਆਖਿਆ ਕਰੋ।**

ਉ: ਇਹ ਸੀ.ਪੀ.ਯੂ. ਦਾ ਇਕ ਅਹਿਮ ਭਾਗ ਹੈ। ਕੰਟਰੋਲ ਯੂਨਿਟ ਨੂੰ ਕੇਂਦਰੀ ਕੰਟਰੋਲਰ ਵੀ ਕਿਹਾ ਜਾਂਦਾ ਹੈ। ਇਹ ਕੰਪਿਊਟਰ ਦੇ ਵੱਖ-ਵੱਖ ਭਾਗਾਂ ਨੂੰ ਕੰਟਰੋਲ ਕਰਨ ਲਈ ਦਿਸ਼ਾ ਨਿਰਦੇਸ਼ ਦਿੰਦਾ ਹੈ। ਇਸ ਦੇ ਮੁੱਖ ਕੰਮ ਹੇਠ ਲਿਖੇ ਅਨੁਸਾਰ ਹਨ:

1. ਇਹ ਹਦਾਇਤਾਂ ਦੇ ਕੋਡ ਨੂੰ ਮੁੱਖ ਮੈਮਰੀ ਵਿਚੋਂ ਪੜਦਾ ਹੈ।
2. ਹਦਾਇਤਾਂ ਦਾ ਕੋਡ ਦਾ ਅਨੁਵਾਦ ਕਰਕੇ ਸੀ.ਪੀ.ਯੂ. ਨੂੰ ਮੁਹਈਆ ਕਰਵਾਉਂਦਾ ਹੈ।
3. ਏ.ਐਲ.ਯੂ. ਨੂੰ ਜਰੂਰੀ ਡਾਰਾ ਮੁਹਈਆ ਕਰਵਾਉਂਦਾ ਹੈ।

**ਪ੍ਰ:5. ਏ.ਐਲ.ਯੂ. ਯੂਨਿਟ ਦੀ ਵਿਆਖਿਆ ਕਰੋ।**

ਉ: ਇਹ ਸੀ.ਪੀ.ਯੂ. ਦਾ ਇਕ ਅਹਿਮ ਭਾਗ ਹੈ। ਇਸ ਦਾ ਪੂਰਾ ਨਾਂ ਅਰਿਥਮੈਟਿਕ ਅਤੇ ਲੋਜਿਕ ਯੂਨਿਟ ਹੈ। ਇਹ ਯੂਨਿਟ ਅੰਕ-ਗਣਿਤ ਅਤੇ ਲਾਜਿਕ ਦੇ ਕੰਮ ਕਰਦਾ ਹੈ। ਇਸ ਨੂੰ ਸੀ.ਪੀ.ਯੂ. ਦਾ ਬਿਲਡਿੰਗ ਬਲਾਕ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਬਲਾਕ ਹਦਾਇਤਾਂ ਦਾ ਪਾਲਣ ਕਰਦਾ ਹੈ। ਇਹ ਹੇਠ ਲਿਖੇ ਕੰਮ ਕਰਦਾ ਹੈ:

1. ਇਹ ਅਰਥਮੈਟਿਕ ਕੰਮ ਜਿਵੇਂ ਕਿ ਜੋੜ, ਘਟਾਓ, ਗੁਣਾ. ਭਾਗ ਆਦਿ ਦਾ ਕੰਮ ਕਰਦਾ ਹੈ।
2. ਇਹ ਲਾਜ਼ਿਕਲ ਕੰਮ ਜਿਵੇਂ ਕਿ ਤੋਂ ਘੱਟ, ਤੋਂ ਵੱਧ, ਬਰਾਰਬ ਹੈ ਆਦਿ ਦਾ ਕੰਮ ਕਰਦਾ ਹੈ।

**ਪ੍ਰ:6. ਮਾਈਕਰੋ ਕੰਪਿਊਟਰ ਬਾਰੇ ਦੱਸੋ।**

ਉ: ਇਹ ਸਾਡੇ ਵਲੋਂ ਵਰਤੇ ਜਾਣ ਵਾਲੇ ਆਮ ਕੰਪਿਊਟਰ ਹੁੰਦੇ ਹਨ। ਇਹਨਾਂ ਕੰਪਿਊਟਰਾਂ ਦੀ ਵਰਤੋਂ ਵਰਕ-ਪਲੇਸ, ਸਕੂਲ ਜਾਂ ਘਰਾਂ ਵਿਚ ਕੀਤੀ ਜਾਂਦੀ ਹੈ। ਲੈਪਟਾਪ, ਨੋਟ-ਬੁੱਕ, ਟੈਬਲੇਟ, ਪਾਮਟਾਪ ਆਦਿ ਮਾਈਕਰੋ ਕੰਪਿਊਟਰਾਂ ਦੀਆਂ ਉਦਾਹਰਣਾਂ ਹਨ। ਇਹਨਾਂ ਕੰਪਿਊਟਰਾਂ ਨੂੰ ਆਸਾਨੀ ਨਾਲ ਇਕ ਥਾਂ ਤੋਂ ਦੂਜੀ ਥਾਂ ਲਿਜਾਇਆ ਜਾ ਸਕਦਾ ਹੈ।



**ਲੈਪਟਾਪ:** ਇਹ ਇਕ ਪੋਰਟੇਬਲ ਪਰਸਨਲ ਕੰਪਿਊਟਰ ਹੁੰਦਾ ਹੈ। ਇਹ ਵਜ਼ਨ ਵਿੱਚ ਹਲਕਾ ਅਤੇ ਆਕਾਰ ਵਿਚ ਛੋਟਾ ਹੁੰਦਾ ਹੈ। ਇਸ ਨੂੰ ਅਸੀਂ ਆਪਣੀ ਗੋਦ ਵਿਚ ਰੱਖ ਕੇ ਵੀ ਚਲਾ ਸਕਦੇ ਹਾਂ।


**ਨੋਟਬੁੱਕ:** ਇਹ ਵੀ ਪੋਰਟੇਬਲ ਕੰਪਿਊਟਰ ਹੁੰਦਾ ਹੈ। ਪਰੰਤੂ ਆਕਾਰ ਵਿਚ ਲੈਪਟਾਪ ਤੋਂ ਵੀ ਛੋਟਾ ਹੁੰਦਾ ਹੈ। ਲੈਪਟਾਪ ਦੀ ਤਰ੍ਹਾਂ ਇਹ ਵੀ ਵਜ਼ਨ ਵਿੱਚ ਹਲਕਾ ਹੁੰਦਾ ਹੈ।


**ਟੈਬਲੇਟ:** ਇਹ ਬਹੁਤ ਹੀ ਪਤਲਾ ਪੋਰਟੇਬਲ ਕੰਪਿਊਟਰ ਹੁੰਦਾ ਹੈ। ਇਸ ਨੂੰ ਆਮ ਤੌਰ ਤੇ ਬੈਟਰੀ ਨਾਲ ਸਪਲਾਈ ਦਿੱਤੀ ਜਾਂਦੀ ਹੈ। ਇਸ ਦੀ ਸਕ੍ਰੀਨ ਟੱਚ-ਸਕ੍ਰੀਨ ਹੁੰਦੀ ਹੈ ਜੋ ਕਿ ਇਸਨੂੰ ਇਨਪੁੱਟ ਪ੍ਰਦਾਨ ਕਰਨ ਦਾ ਕੰਮ ਕਰਦੀ ਹੈ।




**ਪਾਮਟਾਪ:** ਇਹ ਬਹੁਤ ਛੋਟਾ ਪੋਰਟੇਬਲ ਕੰਪਿਊਟਰ ਹੁੰਦਾ ਹੈ। ਇਸਦਾ ਆਕਾਰਾ ਇਨ੍ਹਾਂ ਛੋਟਾ ਹੁੰਦਾ ਹੈ ਕਿ ਇਸਨੂੰ ਆਸਾਨੀ ਨਾਲ ਹੱਥ ਵਿਚ ਫੜਿਆ ਜਾ ਸਕਦਾ ਹੈ। ਇਸਨੂੰ ਪਰਸਨਲ ਡਾਇਰੀ ਦੀ ਤਰ੍ਹਾਂ ਵਰਤਿਆ ਜਾ ਸਕਦਾ ਹੈ।

## ਪਾਠ-3 (ਵਿੰਡੋਜ਼ ਨਾਲ ਜਾਣ ਪਛਾਣ)



## ਪਾਠ-3 (ਵਿੰਡੋਜ਼ ਨਾਲ ਜਾਣ ਪਛਾਣ)

### ਖਾਲੀ ਥਾਵਾਂ ਭਰੋ।

**1.** ਕੰਪਿਊਟਰ ਦੀ ਮੁਢਲੀ ਸਕ੍ਰੀਨ ਨੂੰ ________________ ਕਿਹਾ ਜਾਂਦਾ ਹੈ।
**ੳ.** ਮਾਈ ਨੈਟਵਰਕ  ਅ. ਆਈਕਾਨ  ੲ. **ਡੈਸਕਟਾਪ**  ਸ. ਰੀਸਾਈਕਲ ਬਿੰਨ

**2.** ਡੈਸਕਟਾਪ ਦੇ ਹੇਠਲੇ ਪਾਸੇ ਲੇਟਵੀਂ ਬਾਰ ਨੂੰ __________ ਕਿਹਾ ਜਾਂਦਾ ਹੈ।
**ੳ.** ਟਾਈਟਲ ਬਾਰ  ਅ. ਸਟੇਟਸ ਬਾਰ  ੲ. **ਟਾਸਕ ਬਾਰ**  ਸ. ਸਕਰੌਲ ਬਾਰ

**3.** ਵਿੰਡੋ ਦੇ ਉਪਰਲੇ ਪਾਸੇ ਨਜ਼ਰ ਆਉਂਦੀ ਬਾਰ ਨੂੰ ______________ ਕਿਹਾ ਜਾਂਦਾ ਹੈ।
**ੳ.** **ਟਾਈਟਲ ਬਾਰ**  ਅ. ਸਟੇਟਸ ਬਾਰ  ੲ. ਟਾਸਕ ਬਾਰ  ਸ. ਸਕਰੌਲ ਬਾਰ

**4.** ਡਿਲੀਟ ਕੀਤੀਆਂ ਫ਼ਾਈਲਾਂ ______________ ਵਿਚ ਚਲੀਆਂ ਜਾਂਦੀਆਂ ਹਨ।
**ੳ.** ਮਾਈ ਨੈਟਵਰਕ  ਅ. ਮਾਈ ਕੰਪਿਊਟਰ  ੲ. ਮਾਈ ਡਾਕੂਮੈਂਟ ਸ  ਸ. **ਰੀਸਾਈਕਲ ਬਿੰਨ**

**5.** _____________ ਬਟਨ ਦੀ ਵਰਤੋਂ ਵਿੰਡੋਜ਼ ਨੂੰ ਬੰਦ ਕਰਨ ਲਈ ਕੀਤੀ ਜਾਂਦੀ ਹੈ।
**ੳ.** ਮਿਨੀਮਾਈਜ਼  ਅ. ਮੈਕਸੀਮਾਈਜ਼  ੲ. **ਕਲੋਜ਼**  ਸ. ਸਟਾਰਟ

### ਸਹੀ ਗਲਤ ਲਿਖੋ।

**1.** ਵਿੰਡੋਜ਼ ਇਕ ਓਪਰੇਟਿੰਗ ਸਿਸਟਮ ਹੈ। **ਸਹੀ**
**2.** ਵਿੰਡੋਜ਼ ਦੀ ਮੁਢਲੀ ਸਕ੍ਰੀਨ ਨੂੰ ਮਾਈ ਕੰਪਿਊਟਰ ਕਿਹਾ ਜਾਂਦਾ ਹੈ। **ਗਲਤ**
**3.** ਮਾਈ ਕੰਪਿਊਟਰ ਸਾਨੂੰ ਸਾਡੇ ਕੰਪਿਊਟਰ ਵਿਚ ਲੱਗੀਆਂ ਡਰਾਈਵਜ਼ ਨੂੰ ਦੇਖਣ ਵਿਚ ਮਦਦ ਕਰਦਾ ਹੈ। **ਸਹੀ**
**4.** ਮੈਕਸੀਮਾਈਜ਼ ਬਟਨ ਵਿੰਡੋ ਨੂੰ ਵੱਡਾ ਕਰਨ ਵਿਚ ਮਦਦ ਕਰਦਾ ਹੈ। **ਸਹੀ**
**5.** ਮਾਈ ਡਾਕੂਮੈਂਟ ਆਈਕਾਨ ਵਿਚ ਫਾਈਲਾਂ ਅਤੇ ਫੋਲਡਰ ਹੁੰਦੇ ਹਨ। **ਸਹੀ**
**6.** ਸਾਨੂੰ ਆਪਣੇ ਕੰਪਿਊਟਰ ਨੂੰ ਸਿੱਧਾ ਪਾਵਰ ਬਟਨ ਤੋਂ ਬੰਦ ਕਰਨਾ ਚਾਹੀਦਾ ਹੈ। **ਗਲਤ**

### ਛੋਟੇ ਉਤਰਾਂ ਵਾਲੇ ਪ੍ਰਸ਼ਨ

**1. ਆਪਰੇਟਿੰਗ ਸਿਸਟਮ ਕੀ ਹੁੰਦਾ ਹੈ?**


ਉ: ਆਪਰੇਟਿੰਗ ਸਿਸਟਮ ਕੰਪਿਊਟਰ ਦਾ ਸਭ ਤੋਂ ਵੱਧ ਮਹੱਤਵਪੂਰਨ ਸਾਫਟਵੇਅਰ ਹੁੰਦਾ ਹੈ। ਆਪਰੇਟਿੰਗ ਸਿਸਟਮ ਕੰਪਿਊਟਰ ਨੂੰ ਚਲਾਉਣ ਦੇ ਕੰਮ ਆਉਂਦਾ ਹੈ। ਇਸ ਤੋਂ ਬਿਨ੍ਹਾਂ ਕੰਪਿਊਟਰ ਨਹੀਂ ਚੱਲ ਸਕਦਾ। ਇਹ ਹੋਰ ਪ੍ਰੋਗਰਾਮਾਂ ਨੂੰ ਵੀ ਚੱਲਣ ਵਿਚ ਮਦਦ ਕਰਦਾ ਹੈ। ਇਹ ਕੰਪਿਊਟਰ ਦੇ ਵੱਖ-ਵੱਖ ਭਾਗਾਂ ਵਿਚ ਕੰਮ ਕਰਨ ਲਈ ਤਾਲਮੇਲ ਬਣਾਉਂਦਾ ਹੈ। ਡਾਸ, ਵਿੰਡੋਜ਼, ਲਾਇਨੈਕਸ ਆਦਿ ਆਪਰੇਟਿੰਗ ਸਿਸਟਮਾਂ ਦੀਆਂ ਉਦਾਹਰਣਾਂ ਹਨ।

**2. ਵਿੰਡੋਜ਼ ਕੀ ਹੈ?**

ਉ: ਵਿੰਡੋਜ਼ ਮਾਈਕਰੋਸਾਫਟ ਕੰਪਨੀ ਵਲੋਂ ਬਣਾਇਆ ਗਿਆ ਇਕ ਆਪਰੇਟਿੰਗ ਸਿਸਟਮ ਹੈ। ਇਹ ਕੰਪਿਊਟਰ ਨੂੰ ਸਟਾਰਟ ਕਰਨ ਲਈ ਜਰੂਰੀ ਸਾਫਟਵੇਅਰ ਹੈ। ਇਹ ਕੰਪਿਊਟਰ ਨਾਲ ਕੰਮ ਕਰਨ ਲਈ ਸਾਨੂੰ ਗ੍ਰਾਫਿਕਲ ਯੂਜ਼ਰ ਇੰਟਰਫੇਸ (GUI) ਮੁਹਈਆ ਕਰਵਾਉਂਦਾ ਹੈ। ਇਹ ਸਾਨੂੰ ਮਾਊਸ ਦੀ ਮਦਦ ਨਾਲ ਆਸਾਨੀ ਨਾਲ ਕੰਮ ਕਰਨ ਦੀ ਸਹੂਲਤ ਪ੍ਰਦਾਨ ਕਰਦਾ ਹੇ। ਇਸ ਵਿਚ ਹਰ ਪ੍ਰੋਗਰਾਮ ਖੋਲਣ ਤੇ ਖਿੜਕੀ (ਵਿੰਡੋ) ਦੀ ਤਰ੍ਹਾਂ ਫਰੇਮ ਨਜ਼ਰ ਆਉਂਦਾ ਹੈ ਜਿਸ ਕਾਰਨ ਇਸ ਆਪਰੇਟਿੰਗ ਸਿਸਟਮ ਨੂੰ ਵਿੰਡੋਜ਼ ਕਿਹਾ ਗਿਆ ਹੈ।

**3. ਕੰਪਿਊਟਰ ਨੂੰ ਸ਼ੁਰੂ ਕਰਨ ਦੇ ਸਟੈਪ ਲਿਖੋ।**

ਉ: ਕੰਪਿਊਟਰ ਨੂੰ ਸ਼ੁਰੂ ਕਰਨ ਦੇ ਪੜਾਵ ਹੇਠਾਂ ਲਿਖੇ ਅਨੁਸਾਰ ਹਨ:





1. ਸੀ.ਪੀ.ਯੂ. ਅਤੇ ਮਾਨੀਟਰ ਤੇ ਲੱਗਾ ਪਾਵਰ ਬਟਨ ਦਬਾਓ।
2. ਹੁਣ ਕੰਪਿਊਟਰ ਵਿਚ ਆਪਰੇਟਿੰਗ ਸਿਸਟਮ (ਵਿੰਡੋਜ਼) ਲੋਡ ਹੋਣਾ ਸ਼ੁਰੂ ਹੋ ਜਾਵੇਗਾ।
3. ਵਿੰਡੋ ਲੋਡ ਹੋਣ ਉਪਰੰਤ ਲਾਗ-ਇਨ (LOG-IN) ਸਕ੍ਰੀਨ ਨਜ਼ਰ ਆਵੇਗੀ।
4. ਲਾਗ-ਇਨ ਸਕ੍ਰੀਨ ਤੇ ਯੂਜ਼ਰ ਦਾ ਨਾਂ ਅਤੇ ਪਾਸਵਰਡ ਭਰੋ।
5. ਐਂਟਰ ਬਟਨ ਦਬਾਓ।

**4. ਡੈਸਕਟਾਪ ਕੀ ਹੁੰਦਾ ਹੈ?**

ਉ: ਕੰਪਿਊਟਰ ਸਟਾਰਟ ਹੋਣ ਤੋਂ ਬਾਅਦ ਅਤੇ ਸਹੀ ਲਾਗ-ਇਨ ਕਰਨ ਤੋਂ ਬਾਅਦ ਮਾਨੀਟਰ ਤੇ ਨਜ਼ਰ ਆਉਣ ਵਾਲੀ ਮੁਢਲੀ ਸਕ੍ਰੀਨ ਨੂੰ ਡੈਸਕਟਾਪ ਕਿਹਾ ਜਾਂਦਾ ਹੈ। ਡੈਸਕਟਾਪ ਦੇ ਹੇਠਾਂ ਲਿਖੇ ਤਿੰਨ ਭਾਗ ਹੁੰਦੇ ਹਨ:

1. ਆਈਕਾਨਜ਼
2. ਟਾਸਕ ਬਾਰ
3. ਸ਼ਾਰਟਕੱਟ



**5. ਆਈਕਾਨਜ਼ ਕੀ ਹੁੰਦੇ ਹਨ? ਕੋਈ ਤਿੰਨ ਆਈਕਾਨਜ਼ ਦੇ ਨਾਂ ਲਿਖੋ।**

ਉ: ਡੈਸਕਟਾਪ ਤੇ ਨਜ਼ਰ ਆਉਣ ਵਾਲੀਆਂ ਛੋਟੀਆਂ ਤਸਵੀਰਾਂ ਨੂੰ ਆਈਕਾਨਜ਼ ਕਿਹਾ ਜਾਂਦਾ ਹੈ। ਇਹ ਬਟਨ ਦੀ ਤਰ੍ਹਾਂ ਕੰਮ ਕਰਦੇ ਹਨ। ਇਹਨ੍ਹਾਂ ਉਪਟ ਡਬਲ ਕਲਿੱਕ ਕਰਨ ਤੇ ਸੰਬੰਧਤ ਪ੍ਰੋਗਰਾਮ ਖੁੱਲ ਜਾਂਦਾ ਹੈ। ਆਈਕਾਨ ਫਾਈਲਾਂ ਅਤੇ ਫੋਲਡਰਾਂ ਨੂੰ ਦਰਸ਼ਾਉਂਦੇ ਹਨ। ਕੁੱਝ ਮੁੱਖ ਆਈਕਾਨਜ਼ ਹੇਠ ਲਿਖੇ ਅਨੁਸਾਰ ਹਨ:





1. ਮਾਈ ਕੰਪਿਊਟਰ
2. ਨੈਟਵਰਕ
3. ਯੂਜ਼ਰ ਫਾਈਲਜ਼ (ਮਾਈ ਡਾਕੂਮੈਂਟਸ)
4. ਰੀਸਾਈਕਲ-ਬਿੰਨ

**6. ਵਿੰਡੋਜ਼ ਦੇ ਵੱਖਰੇ ਵੱਖਰੇ ਭਾਗਾਂ ਦਾ ਨਾਂ ਲਿਖੋ।**

ਉ: ਜਦੋਂ ਅਸੀਂ ਕਿਸੇ ਪ੍ਰੋਗਰਾਮ ਨੂੰ ਖੋਲਦੇ ਹਾਂ ਤਾਂ ਇਕ ਆਇਤਾਕਰ ਫਰੇਮ ਖੁਲ੍ਹਦਾ ਹੈ। ਇਸ ਫਰੇਮ ਨੂੰ ਵਿੰਡੋ ਕਿਹਾ ਜਾਂਦਾ ਹੈ। ਇਸ ਵਿੰਡੋ ਦੇ ਕਈ ਭਾਗ ਹੁੰਦੇ ਹਨ। ਇਹਨਾਂ ਭਾਗਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:


1. ਟਾਈਟਲ ਬਾਰ
2. ਮੀਨੂੰ ਬਾਰ
3. ਟੂਲ ਬਾਰ
4. ਸਕਰੋਲ ਬਾਰ




**7. ਟਾਸਕਬਾਰ ਦੇ ਸ਼ੌਅ-ਡੈਸਕਟਾਪ ਬਟਨ ਬਾਰ ਦੱਸੋ।**

ਉ: ਸ਼ੌਅ-ਡੈਸਕਟਾਪ ਬਟਨ ਟਾਸਕਬਾਰ ਦੇ ਖੱਬੇ ਪਾਸੇ ਮੌਜੂਦ ਹੁੰਦਾ ਹੈ। ਇਹ ਬਟਨ ਡੇਟ ਐਂਡ ਟਾਈਮ ਦੇ ਸੱਜੇ ਪਾਸੇ ਇਕ ਛੋਟੀ ਤੰਡ ਆਇਤਾਕਾਰ ਸ਼ਕਲ ਵਿਚ ਦਿਖਾਈ ਦਿੰਦਾ ਹੈ। ਜਦੋਂ ਇਸ ਬਟਨ ਉਪਰ ਕਲਿੱਕ ਕੀਤਾ ਜਾਂਦਾ ਹੈ ਤਾਂ ਸਾਰੇ ਖੁੱਲੇ ਹੋਏ ਪ੍ਰੋਗਰਾਮਜ਼ ਮਿਨੀਮਾਈਜ਼ ਹੋ ਜਾਂਦੇ ਹਨ ਅਤੇ ਡੈਸਕਟਾਪ ਦਿਖਾਈ ਦੇਣ ਲੱਗ ਜਾਂਦਾ ਹੈ।

**8. ਸ਼ਾਰਟਕੱਟ ਤੇ ਨੋਟ ਲਿਖੋ।**





ਉ: ਸ਼ਾਰਟਕੱਟ ਇਕ ਆਈਕਾਨ ਹੁੰਦਾ ਹੈ। ਪਰੰਤੂ ਇਹ ਆਈਕਾਨ ਕਿਸੇ ਫਾਈਲ/ਫੋਲਡਰ/ਪ੍ਰੋਗਰਾਮ ਨੂੰ ਪ੍ਰਦਰਸ਼ਿਤ ਨਹੀਂ ਕਰਦਾ ਬਲਕਿ ਉਸ ਨਾਲ ਇੱਕ ਲਿੰਕ ਬਣਾਉਂਦਾ ਹੈ। ਜਦੋਂ ਅਸੀਂ ਇਸ ਸ਼ਾਰਟਕੱਟ ਉਪਰ ਡਬਲ ਕਲਿੱਕ ਕਰਦੇ ਹਾਂ ਤਾਂ ਉਹ ਫਾਈਲ/ਫੋਲਡਰ/ਪ੍ਰੋਗਰਾਮ ਖੁੱਲ ਜਾਂਦਾ ਹੈ। ਸ਼ਾਰਟਕੱਟ ਦੀ ਪਹਿਚਾਣ ਇਸਦੇ ਆਈਕਾਨ ਦੇ ਹੇਠਲੇ ਖੱਬੇ ਪਾਸੇ ਇੱਕ ਤੀਰ ਦੇ ਨਿਸ਼ਾਨ ਤੋਂ ਹੁੰਦੀ ਹੈ।

**9. ਅਸੀਂ ਆਪਣੇ ਕੰਪਿਊਟਰ ਨੂੰ ਕਿਵੇਂ ਬੰਦ ਕਰ ਸਕਦੇ ਹਾਂ?**

ਉ: ਕੰਪਿਊਟਰ ਨੂੰ ਬੰਦ ਕਰਨ ਦੇ ਪੜਾਅ ਹੇਠ ਲਿਖੇ ਅਨੁਸਾਰ ਹਨ:

1. ਸਟਾਰਟ ਬਟਨ ਤੇ ਕਲਿੱਕ ਕਰੋ।
2. ਸਟਾਰਟ ਮੀਨੂੰ ਵਿਚੋਂ ਸ਼ੱਟ-ਡਾਊਨ (Shut Down) ਬਟਨ ਤੇ ਕਲਿੱਕ ਕਰੋ।
3. ਕੁੱਝ ਸਮੇਂ ਬਾਅਦ ਕੰਪਿਊਟਰ ਬੰਦ ਹੋ ਜਾਵੇਗਾ।





## ਵੱਡੇ ਉਤਰਾਂ ਵਾਲੇ ਪ੍ਰਸ਼ਨ

**1. ਟਾਸਕਬਾਰ ਦੀ ਵਿਆਖਿਆ ਕਰੋ।**

ਉ: ਡੈਸਕਟਾਪ ਦੇ ਸਭ ਤੋਂ ਹੇਠਲੇ ਪਾਸੇ ਦਿਖਾਈ ਦੇ ਰਹੀ ਲੇਟਵੀਂ ਪੱਟੀ ਨੂੰ ਟਾਸਕਬਾਰ ਕਿਹਾ ਜਾਂਦਾ ਹੈ। ਇਸ ਬਾਰ ਦੇ ਕਈ ਭਾਗ ਹੁੰਦੇ ਹਨ। ਇਹਨਾਂ ਭਾਗਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:


1. ਸਟਾਰਟ ਬਟਨ
2. ਕੁਇੱਕ ਲਾਂਚ ਆਇਕਾਨਜ਼
3. ਐਕਟਿਵ ਪ੍ਰੋਗਰਾਮਜ਼
4. ਸਿਸਟਮ ਟਰੇਅ
5. ਨੋਟੀਫੀਕੇਸ਼ਨ ਏਰੀਆ
6. ਘੜੀ ਅਤੇ ਤਾਰੀਖ
7. ਸ਼ੌ ਡੈਸਕਟਾਪ ਬਟਨ




**2. ਵਿੰਡੋਜ਼ ਦੇ ਵੱਖਰੇ-ਵੱਖਰੇ ਭਾਗਾਂ ਬਾਰੇ ਲਿਖੋ।**

ਉ: ਜਦੋਂ ਅਸੀਂ ਕਿਸੇ ਪ੍ਰੋਗਰਾਮ ਨੂੰ ਖੋਲਦੇ ਹਾਂ ਤਾਂ ਇਕ ਆਇਤਾਕਰ ਫਰੇਮ ਖੁੱਲਦਾ ਹੈ। ਇਸ ਫਰੇਮ ਨੂੰ ਵਿੰਡੋ ਕਿਹਾ ਜਾਂਦਾ ਹੈ। ਇਸ ਵਿੰਡੋ ਦੇ ਕਈ ਭਾਗ ਹੁੰਦੇ ਹਨ। ਇਹਨਾਂ ਭਾਗਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:

1. **ਟਾਈਟਲ ਬਾਰ**: ਇਹ ਬਾਰ ਵਿੰਡੋ ਦੇ ਸਭ ਤੋਂ ਉਪਰਲੇ ਪਾਸੇ ਨਜ਼ਰ ਆਉਂਦੀ ਹੈ। ਇਸਦੇ ਸੱਜੇ ਪਾਸੇ ਤਿੰਨ ਬਟਨ ਲਗੇ ਹੁੰਦੇ ਹਨ: ਮਿਨੀਮਾਈਜ਼ ਬਟਨ, ਮੈਕਸੀਮਾਈਜ਼ ਬਟਨ/ਰੀਸਟੋਰ ਬਟਨ, ਅਤੇ ਕਲੋਜ਼ ਬਟਨ।




2. **ਮੀਨੂੰ ਬਾਰ**: ਇਸ ਬਾਰ ਵਿਚ ਵਿੰਡੋ ਵਿਚ ਵਰਤੀਆਂ ਜਾਣ ਵਾਲੀਆਂ ਕਮਾਂਡਜ਼ ਹੁੰਦੀਆਂ ਹਨ।
3. **ਟੂਲ ਬਾਰ**: ਇਸ ਬਾਰ ਵਿਚ ਵਿੰਡੋ ਵਿਚ ਵਰਤੀਆਂ ਜਾਣ ਵਾਲੀਆਂ ਆਮ ਕਮਾਂਡਜ਼ ਦੇ ਬਟਨ ਹੁੰਦੇ ਹਨ।
4. **ਸਕਰੋਲ ਬਾਰ**: ਜਦੋਂ ਵਿੰਡੋ ਵਿਚ ਸਾਰੀਆਂ ਆਈਟਮਜ਼ ਨਜ਼ਰ ਨਾਂ ਆਉਣ ਤਾਂ ਸਕਰੋਲ ਪੇਨ ਦੀ ਮਦਦ ਨਾਲ ਸਕਰੋਲ ਕਰਕੇ ਇਹਨਾਂ ਨੂੰ ਦੇਖਿਆ ਜਾ ਸਕਦਾ ਹੈ।

**3. ਹੇਠਾਂ ਦਰਸਾਏ ਆਈਕਾਨਜ਼ ਦੀ ਵਿਆਖਿਆ ਕਰੋ।**




ਇਹ ਆਈਕਾਨ ਵਿੰਡੋਜ਼ ਆਪਰੇਟਿੰਗ ਸਿਸਟਮ ਦੇ **ਮਾਈ ਕੰਪਿਊਟਰ** ਪ੍ਰੋਗਰਾਮ ਨੂੰ ਦਰਸ਼ਾਉਂਦਾ ਹੈ। ਇਸ ਪ੍ਰੋਗਰਾਮ ਦੀ ਵਰਤੋਂ ਕੰਪਿਊਟਰ ਵਿਚ ਮੌਜੂਦ ਫ਼ਾਈਲਾਂ, ਫੋਲਡਰਾਂ ਅਤੇ ਡਰਾਈਵਜ਼ ਨੂੰ ਦੇਖਣ ਜਾਂ ਇਹਨਾਂ ਉਪਰ ਕੰਮ ਕਰਨ ਲਈ ਕੀਤੀ ਜਾਂਦੀ ਹੈ।




ਇਹ ਆਈਕਾਨ ਵਿੰਡੋਜ਼ ਆਪਰੇਟਿੰਗ ਸਿਸਟਮ ਦੇ **ਨੈਟਵਰਕ** ਪ੍ਰੋਗਰਾਮ ਨੂੰ ਦਰਸ਼ਾਉਂਦਾ ਹੈ। ਇਹ ਪ੍ਰੋਗਰਾਮ ਸਾਡੇ ਕੰਪਿਊਟਰ ਨਾਲ ਨੈਟਵਰਕ ਉਪਰ ਜੁੜੇ ਹੋਏ ਕੰਪਿਊਟਰਾਂ ਤੱਕ ਪਹੁੰਚ ਕਰਨ ਲਈ ਵਰਤਿਆ ਜਾਂਦਾ ਹੈ।




ਇਹ ਆਈਕਾਨ ਵਿੰਡੋਜ਼ ਆਪਰੇਟਿੰਗ ਸਿਸਟਮ ਦੇ **ਯੂਜ਼ਰ ਫਾਈਲਜ਼ ਦੇ ਫੋਲਡਰ** ਨੂੰ ਦਰਸ਼ਾਉਂਦਾ ਹੈ। ਇਸ ਫੋਲਡਰ ਦਾ ਨਾਂ ਯੂਜ਼ਰ ਦੇ ਨਾਂ ਉਪਰ ਆਪਣੇ ਆਪ ਸੈਟ ਹੋ ਜਾਂਦਾ ਹੈ। ਉਦਾਹਰਣ ਲਈ ਜੇ ਯਜ਼ਰ ਦਾ ਨਾਂ School ਹੈ ਤਾਂ ਇਸ ਫੋਲਡਰ ਦਾ ਨਾਂ ਵੀ School ਹੋਵੇਗਾ। ਇਸ ਫੋਲਡਰ ਵਿਚ ਯੂਜ਼ਰ ਵਲੋਂ ਬਣਾਈਆਂ ਫਾਈਲਾਂ ਸਟੋਰ ਹੁੰਦੀਆਂ ਰਹਿੰਦੀਆਂ ਹਨ।




ਇਹ ਆਈਕਾਨ ਵਿੰਡੋਜ਼ ਆਪਰੇਟਿੰਗ ਸਿਸਟਮ ਦੇ **ਰੀਸਾਈਕਲ ਬਿਨ** ਪ੍ਰੋਗਰਾਮ ਨੂੰ ਦਰਸ਼ਾਉਂਦਾ ਹੈ। ਕੰਪਿਊਟਰ ਵਿਚੋਂ ਫਾਈਲਾਂ ਜਾਂ ਫੋਲਡਰ ਡਿਲੀਟ ਕਰਨ ਉਪਰੰਤ ਇਸ ਵਿਚ ਆ ਜਾਂਦੀਆਂ ਹਨ। ਰੀਸਾਈਲ ਬਿਨ ਵਿਚ ਪਈਆਂ ਫਾਈਲਾਂ ਨੂੰ ਅਸੀਂ ਰੀਸਟੋਰ ਵੀ ਕਰ ਸਕਦੇ ਹਾਂ ਅਤੇ ਪੱਕੇ ਤੌਰ ਤੇ ਕੰਪਿਊਟਰ ਵਿਚੋਂ ਡਿਲੀਟ ਵੀ ਕਰ ਸਕਦੇ ਹਾਂ।

## ਪਾਠ-4 (ਐਮ. ਐਸ. ਪੇਂਟ - ਭਾਗ 1)

**ਖਾਲੀ ਥਾਵਾਂ ਭਰੋ।**

**1.** ਪੇਂਟ ਵਿੰਡੋ ਦੇ ਸਭ ਤੋਂ ਉਪਰਲੇ ਪਾਸੇ __________ ਬਾਰ ਮੌਜੂਦ ਹੁੰਦੀ ਹੈ।
**ੳ. ਟਾਈਟਲ** ਅ.ਸਟੇਟਸ ਬਾਰ ੲ. ਸਕਰੋਲ ਬਾਰ ਸ. ਉਪਰੋਕਤ ਸਾਰੇ
**2.** ___ ਟੂਲਬਾਰ ਟਾਈਟਲ ਬਾਰ ਵਿਚ ਮੌਜੂਦ ਹੁੰਦੀ ਹੈ। ਇਸਦੀ ਜਗ੍ਹਾ ਨੂੰ ਰਿਬਨ ਦੇ ਹੇਠਲੇ ਜਾਂ ਉਪਰਲੇ ਪਾਸੇ ਬਦਲਿਆ ਜਾ ਸਕਦਾ ਹੈ।
**ੳ. ਕੁੱਇਕ ਐਕਸੈਸ ਬਾਰ** ਅ.ਸਟੇਟਸ ਬਾਰ ੲ. ਸਕਰੋਲ ਬਾਰ ਸ. ਟਾਸਕ ਬਾਰ
**3.** ਮੀਨੂੰ ਬਾਰ ਤੇ ਖੱਬੇ ਪਾਸੇ ਸਭ ਤੋਂ ਪਹਿਲਾਂ ______________ ਬਟਨ ਹੁੰਦਾ ਹੈ।
**ੳ. ਪੇਂਟ** ਅ. ਹੈਲਪ ੲ. ਕਲੋਜ਼ ਸ. ਮਿਨੀਮਾਈਜ਼

**4.** ਸਕਰੌਲ ਬਾਰ ਸਕ੍ਰੀਨ ਨੂੰ ਘੁਮਾਉਣ ਲਈ ਵਰਤੀ ਜਾਂਦੀ ਹੈ। ਇਹ __________ ਤਰ੍ਹਾਂ ਦੀਆਂ ਹੁੰਦੀਆਂ ਹਨ।
**ੳ.** **ਦੋ** ਅ. ਤਿੰਨ ੲ. ਚਾਰ ਸ. ਪੰਜ

**5.** ____________ ਆਪਸ਼ਨ ਦੀ ਮਦਦ ਨਾਲ ਅਸੀਂ ਤਸਵੀਰ ਦੀ ਇਕ ਹੋਰ ਕਾਪੀ ਕਿਸੇ ਦੂਸਰੀ ਫਾਈਲ ਦੇ ਨਾਂ ਨਾਲ ਸੇਵ ਕਰ ਸਕਦੇ ਹਾਂ।
**ੳ.** **ਸੇਵ ਐਜ਼** ਅ. ਓਪਨ ੲ. ਨਿਊ ਸ. ਐਗਜ਼ਿਟ

**ਸਹੀ/ਗਲਤ ਲਿਖੋ।**

1. ਪੇਂਟ ਵਿਚਲੀ ਡਰਾਇੰਗ ਨੂੰ ਬਿਟਮੈਪ ਫਾਈਲਾਂ ਵਜੋਂ ਵੀ ਸੇਵ ਕੀਤਾ ਜਾ ਸਕਦਾ ਹੈ। **(ਸਹੀ)**
2. ਟਾਈਟਲ ਬਾਰ ਦੇ ਖੱਬੇ ਪਾਸੇ ਪਹਿਲੀ ਚੀਜ਼ ਲਿਟਲ ਪੇਂਟ ਪੈਲੇਟ ਦਿਖਾਈ ਦਿੰਦੀ ਹੈ। **(ਗਲਤ)**
3. ਮਿਨੀਮਾਈਜ਼ ਬਟਨ ਪੇਂਟ ਵਿੰਡੋ ਨੂੰ ਟਾਸਕਬਾਰ ਉੱਤੇ ਮਿਨੀਮਾਈਜ਼ ਕਰਨ ਲਈ ਵਰਤਿਆ ਜਾਂਦਾ ਹੈ। **(ਸਹੀ)**
4. ਨਿਊ ਕਮਾਂਡ ਇਕ ਨਵੀਂ ਖਾਲੀ ਤਸਵੀਰ ਫਾਈਲ ਬਣਾਉਣ ਲਈ ਵਰਤੀ ਜਾਂਦੀ ਹੈ। **(ਸਹੀ)**
5. ਡਰਾਇੰਗ ਏਰੀਆ ਵਿਚ ਚਿੱਤਰਕਾਰੀ ਕੀਤੀ ਜਾਂਦੀ ਹੈ। **(ਸਹੀ)**


**ਛੋਟੇ ਉਤਰਾਂ ਵਾਲੇ ਪ੍ਰਸ਼ਨ:**

**ਪ੍ਰ:1. ਪੇਂਟ ਕੀ ਹੈ?**
**ੳ:** ਪੇਂਟ ਇਕ ਡਰਾਇੰਗ ਟੂਲ ਹੈ ਜੋ ਕਿ ਤਸਵੀਰਾਂ ਬਣਾਉਣ ਵਿਚ ਮਦਦ ਕਰਦਾ ਹੈ। ਪੇਂਟ ਵਿਚ ਕਈ ਤਰ੍ਹਾਂ ਦੇ ਡਰਾਇੰਗ ਟੂਲ ਹੁੰਦੇ ਹਨ ਜਿਨ੍ਹਾਂ ਦੀ ਵਰਤੋਂ ਕਰਕੇ ਸੁੰਦਰ ਤਸਵੀਰਾਂ ਆਸਾਨੀ ਨਾਲ ਬਣਾਈਆਂ ਜਾ ਸਕਦੀਆਂ ਹਨ। ਪੇਂਟ ਵਿਚ ਬਣਾਈ ਫਾਈਲ ਨੂੰ ਬਿੱਟ ਫਾਈਲ ਵਜੋਂ ਸੇਵ ਕੀਤਾ ਜਾ ਸਕਦਾ ਹੈ।

**ਪ੍ਰ:2. ਪੇਂਟ ਨੂੰ ਸ਼ੁਰੂ ਕਿਵੇਂ ਕੀਤਾ ਜਾਂਦਾ ਹੈ?**
**ੳ:** ਪੇਂਟ ਨੂੰ ਸ਼ੁਰੂ ਕਰਨ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:
1. ਸਟਾਰਟ ਬਟਨ ਤੇ ਕਲਿੱਕ ਕਰੋ।
2. ਆਲ ਪ੍ਰੋਗਰਾਮਜ਼ ਤੇ ਕਲਿੱਕ ਕਰੋ।
3. ਅਸੈਸਰੀਜ਼ ਆਪਸ਼ਨ ਤੇ ਕਲਿੱਕ ਕਰੋ।
4. ਪੇਂਟ ਆਪਸ਼ਨ ਤੇ ਕਲਿੱਕ ਕਰੋ।

**Start > All Programs > Accessories > Paint**

**ਪ੍ਰ:3. ਪੇਂਟ ਵਿੰਡੋ ਦੇ ਭਾਗਾਂ ਦੇ ਨਾਂ ਲਿਖੋ।**
**ੳ:** ਪੇਂਟ ਵਿੰਡੋ ਦੇ ਕਈ ਭਾਗ ਹੁੰਦੇ ਹਨ।
ਮੁੱਖ ਭਾਗਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:
1. ਟਾਈਰਲ ਬਾਰ
2. ਕੁਇੱਕ ਐਕਸੈਸ ਟੂਲਬਾਰ
3. ਟੈਬਜ਼ ਅਤੇ ਰਿਬਨ
4. ਸਕਰੋਲ ਬਾਰ
5. ਵਰਕ ਏਰੀਆ ਜਾਂ ਡਰਾਇੰਗ ਏਰੀਆ
6. ਸਟੇਟਸ ਬਾਰ
7. ਜ਼ੂਮ ਸਲਾਈਡਰ



ਚਿੱਤਰ: ਪੇਂਟ ਵਿੰਡੋ ਦੇ ਵੱਖ-ਵੱਖ ਭਾਗ


**ਪ੍ਰ:4. ਸਕਰੋਲ ਬਾਰ ਦੀਆਂ ਸ਼੍ਰੇਣੀਆਂ ਦੇ ਨਾਂ ਲਿਖੋ।**
**ੳ:** ਸਕਰੋਲ ਬਾਰ ਦੀ ਵਰਤੋਂ ਸਕ੍ਰੀਨ ਨੂੰ ਸਰਕਾਉਣ ਲਈ ਕੀਤੀ ਜਾਂਦੀ ਹੈ। ਇਹ ਦੋ ਤਰ੍ਹਾਂ ਦੇ ਹੁੰਦੇ ਹਨ:
1. ਹੋਰੀਜ਼ੋਂਟਲ ਸਕਰੋਲ ਬਾਰ
2. ਵਰਟੀਕਲ ਸਕਰੋਲ ਬਾਰ

**ਪ੍ਰ:5. ਵਰਕ ਏਰੀਆ ਕੀ ਹੁੰਦਾ ਹੈ?**
**ੳ:** ਵਰਕ ਏਰੀਆ ਨੂੰ ਡਰਾਇੰਗ ਏਰੀਆ ਵੀ ਕਿਹਾ ਜਾਂਦਾ ਹੈ। ਇਹ ਪੇਂਟ ਵਿਚਕਾਰ ਖਾਲੀ ਜਗ੍ਹਾ ਹੁੰਦੀ ਹੈ ਜਿਸ ਦੀ ਵਰਤੋਂ ਤਸਵੀਰਾਂ ਬਣਾਉਣ ਲਈ ਕੀਤੀ ਜਾਂਦੀ ਹੈ।

**ਵੱਡੇ ਉਤਰਾਂ ਵਾਲੇ ਪ੍ਰਸ਼ਨ:**

**ਪ੍ਰ:1. ਕੁਇੱਕ ਐਕਸੈਸ ਟੂਲਬਾਰ ਕੀ ਹੁੰਦਾ ਹੈ? ਇਸਦੇ ਭਾਗਾਂ ਬਾਰੇ ਵਿਸਥਾਰ ਨਾਲ ਦੱਸੋ।**
ੳ: ਕੁਇੱਕ ਐਕਸੈਸ ਟੂਲਬਾਰ ਇਕ ਅਜਿਹੀ ਟੂਲਬਾਰ ਹੈ ਜੋ ਸਾਨੂੰ ਕੁੱਝ ਆਮ ਵਰਤੀਆਂ ਜਾਣ ਵਾਲੀਆਂ ਕਮਾਂਡਜ਼ ਨੂੰ ਤੇਜੀ ਨਾਲ ਵਰਤਣ ਵਿਚ ਸਹਾਇਕ ਹੁੰਦੀ ਹੈ। ਇਹ ਟੂਲਬਾਰ ਪਹਿਲਾਂ ਤੋਂ ਹੀ ਟਾਈਟਲ ਬਾਰ ਵਿਚ ਮੌਜੂਦ ਹੁੰਦੀ ਹੈ।
ਅਸੀਂ ਇਸ ਟੂਲਬਾਰ ਵਿਚ ਆਪਣੀ ਜਰੂਰਤ ਅਨੁਸਾਰ ਕਮਾਂਡਜ਼ ਨੂੰ ਸ਼ਾਮਿਲ ਕਰ ਸਕਦੇ ਹਾਂ ਜਾਂ ਹਟਾ ਸਕਦੇ ਹਾਂ। ਕਿਸੇ ਕਮਾਂਡ ਨੂੰ ਇਸ ਟੂਲਬਾਰ ਵਿਚ ਸ਼ਾਮਲ ਕਰਨ ਲਈ ਉਸ ਕਮਾਂਡ ਉਪਰ ਰਾਈਟ ਕਲਿੱਕ ਕਰੋ ਅਤੇ Add to Quick Access Toolbar ਆਪਸ਼ਨ ਤੇ ਕਲਿੱਕ ਕਰੋ।
ਕੁੱਇਕ ਐਕਸੈਸ ਟੂਲਬਾਰ ਨੂੰ ਰਿਬਨ ਦੇ ਹੇਠਾਂ ਜਾਂ ਉਪਰ ਲਗਾਇਆ ਜਾ ਸਕਦਾ ਹੈ। ਕੁੱਇਕ ਐਕਸੈਸ ਟੂਲਬਾਰ ਨੂੰ ਰਿਬਨ ਦੇ ਹੇਠਾਂ ਲਗਾਉਣ ਲਈ ਇਸ ਟੂਲਬਾਰ ਉਪਰ ਰਾਇਟ ਕਲਿੱਕ ਕਰੋ ਅਤੇ Show Quick Access Tollbar Below the Ribbon ਆਪਸ਼ਨ ਤੇ ਕਲਿੱਕ ਕਰੋ।

**ਪ੍ਰ:2. ਪੇਂਟ ਬਟਨ ਕੀ ਹੁੰਦਾ ਹੈ? ਇਸ ਦੀਆਂ ਕਮਾਂਡਾ ਬਾਰੇ ਲਿਖੋ।**




ਉ: ਰੀਬਨ ਦੇ ਖੱਬੇ ਪਾਸੇ ਪਹਿਲਾ ਬਟਨ ਪੇਂਟ ਬਟਨ ਹੁੰਦਾ ਹੈ। ਇਸ ਬਟਨ ਉਪਰ ਕਲਿੱਕ ਕਰਨ ਨਾਲ ਇੱਕ ਮੀਨੂੰ ਖੁੱਲਦਾ ਹੈ। ਇਸ ਵਿਚ ਪੇਂਟ ਵਿਚ ਪਿਛਲੀਆਂ ਸੇਵ ਕੀਤੀਆਂ ਤਸਵੀਰਾਂ ਦੀ ਸੂਚੀ ਹੁੰਦੀ ਹੈ। ਇਸ ਤੋਂ ਇਲਾਵਾ ਇਸ ਵਿਚ ਫਾਈਲ ਨਾਲ ਸੰਬੰਧਤ ਕਮਾਂਡਜ਼ ਹੁੰਦੀਆਂ ਹਨ। ਕੁੱਝ ਮੁੱਖ ਕਮਾਂਡਜ਼ ਇਸ ਤਰਾਂ ਹਨ:

**ਨਿਊ:** ਇਸ ਕਮਾਂਡ ਦੀ ਵਰਤੋਂ ਨਵੀਂ ਫਾਈਲ ਬਨਾਉਣ ਲਈ ਕੀਤੀ ਜਾਂਦੀ ਹੈ।

**ਓਪਨ:** ਇਸ ਕਮਾਂਡ ਦੀ ਵਰਤੋਂ ਪਹਿਲਾਂ ਤੋਂ ਬਣੀ ਫਾਈਲ ਨੂੰ ਖੋਲਣ ਲਈ ਕੀਤੀ ਜਾਂਦੀ ਹੈ।

**ਸੇਵ:** ਇਸ ਕਮਾਂਡ ਦੀ ਵਰਤੋਂ ਫਾਈਲ ਨੂੰ ਸੇਵ ਕਰਨ ਲਈ ਕੀਤੀ ਜਾਂਦੀ ਹੈ।

**ਸੇਵ ਐਜ਼:** ਇਸ ਕਮਾਂਡ ਦੀ ਵਰਤੋਂ ਫਾਈਲ ਦੀ ਕਾਪੀ ਤਿਆਰ ਕਰਨ ਲਈ ਕੀਤੀ ਜਾਂਦੀ ਹੈ।

**ਪ੍ਰਿੰਟ:** ਇਸ ਕਮਾਂਡ ਦੀ ਵਰਤੋਂ ਫਾਈਲ ਨੂੰ ਪ੍ਰਿੰਟਰ ਉਤੇ ਪ੍ਰਿੰਟ ਕਰਨ ਲਈ ਕੀਤੀ ਜਾਂਦੀ ਹੈ।

**ਫਰੋਮ ਸਕੈਨਰ ਔਰ ਕੈਮਰਾ:** ਇਸ ਕਮਾਂਡ ਦੀ ਵਰਤੋਂ ਸੈਕਨਰ ਜਾਂ ਕੈਮਰੇ ਤੋਂ ਤਸਵੀਰ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ।

**ਸੈਟ ਐਜ਼ ਡੈਸਕਟਾਪ ਬੈਕਗ੍ਰਾਉਂਡ:** ਇਸ ਕਮਾਂਡ ਦੀ ਵਰਤੋਂ ਤਸਵੀਰ ਨੂੰ ਡੈਸਕਟਾਪ ਉੱਤੇ ਲਗਾਉਣ ਲਈ ਕੀਤੀ ਜਾਂਦੀ ਹੈ।

**ਐਗਜ਼ਿਟ:** ਇਸ ਕਮਾਂਡ ਦੀ ਵਰਤੋਂ ਪੇਂਟ ਨੂੰ ਬੰਦ ਕਰਨ ਲਈ ਕੀਤੀ ਜਾਂਦੀ ਹੈ।

**ਪ੍ਰ:3. ਹੋਮ ਟੈਬ ਰਿਬਨ ਨੂੰ ਬਿਆਨ ਕਰੋ।**

ਉ: ਹੋਮ ਟੈਬ ਰਿਬਨ ਪੇਂਟ ਦਾ ਇਕ ਮੁੱਖ ਰਿਬਨ ਹੈ। ਇਹ ਰਿਬਨ ਟਾਈਟਲ ਬਾਰ ਦੇ ਹੇਠਲੇ ਪਾਸੇ ਮੌਜੂਦ ਹੁੰਦਾ ਹੈ। ਪੇਂਟ ਵਿਚ ਜ਼ਿਆਦਾਤਰ ਵਰਤੀਆਂ ਜਾਣ ਵਾਲੀਆਂ ਕਮਾਂਡਜ਼ ਇਸ ਰਿਬਨ ਵਿਚ ਹੀ ਮੌਜੂਦ ਹੁੰਦੀਆਂ ਹਨ। ਸਾਰੇ ਟੂਲਜ਼, ਸ਼ੇਪਸ, ਕਲਰ ਪੈਲੇਟ ਅਤੇ ਹੋਰ ਬਹੁਤ ਸਾਰੀਆਂ ਕਮਾਂਡਜ਼ ਇਸ ਰਿਬਨ ਵਿਚ ਮੌਜੂਦ ਹੁੰਦੀਆਂ ਹਨ। ਪੇਂਟ ਵਿਚ ਹਰ ਤਰ੍ਹਾਂ ਦਾ ਕੰਮ ਕਰਨ ਲਈ ਸਾਨੂੰ ਹੋਮ ਟੈਬ ਦੀ ਜਰੂਰਤ ਪੈਂਦੀ ਹੈ। ਇਸ ਰਿਬਨ ਨੂੰ ਮਿਨੀਮਾਈਜ਼ ਵੀ ਕੀਤਾ ਜਾ ਸਕਦਾ ਹੈ।

**ਪ੍ਰ:4. ਸਟੇਟਸ ਬਾਰ ਕੀ ਹੈ? ਇਸਦੇ ਭਾਗਾਂ ਬਾਰੇ ਦੱਸੋ।**

ਉ: ਇਹ ਬਾਰ ਪੇਂਟ ਵਿੰਡੋ ਵਿਚ ਸਭ ਤੋਂ ਹੇਠਲੇ ਪਾਸੇ ਮੌਜੂਦ ਹੁੰਦੀ ਹੈ। ਇਹ ਬਾਰ ਪੇਂਟ ਵਿਚ ਕੰਮ ਕਰਦੇ ਹੋਏ ਸਾਡੀ ਮਦਦ ਕਰਦੀ ਹੈ। ਇਹ ਪੇਂਟ ਵਿਚ ਹੋ ਰਹੇ ਕੰਮ ਸੰਬੰਧੀ ਕਈ ਕਿਸਮ ਦੀ ਸੂਚਨਾ ਦਰਸ਼ਾਉਂਦੀ ਹੈ। ਇਸ ਬਾਰ ਦੇ ਵੱਖ-ਵੱਖ ਭਾਗ ਹੁੰਦੇ ਹਨ ਜੋ ਸਾਨੂੰ ਵੱਖ-ਵੱਖ ਕਿਸਮਾਂ ਦੀ ਸੂਚਨਾ ਦਰਸ਼ਾਉਂਦੇ ਹਨ। ਇਸ ਬਾਰ ਦੇ ਇਹ ਭਾਗ ਹੇਠ ਲਿਖੇ ਅਨੁਸਾਰ ਹਨ:




- ਕਰਸਰ ਪੁਜੀਸ਼ਨ
- ਸਲੈਕਸ਼ਨ ਸਾਈਜ਼
- ਇਮੇਜ਼ ਸਾਇਜ਼
- ਡਿਸਕ ਸਾਈਜ਼
- ਜ਼ੂਮ ਸਲਾਈਡਰ

**ਪ੍ਰ:5. ਆਪਣੇ ਕੰਮ ਨੂੰ ਸੇਵ ਕਿਵੇਂ ਕੀਤਾ ਜਾਂਦਾ ਹੈ? ਦੱਸੋ।**

ਉ: ਪੇਂਟ ਵਿਚ ਤਸਵੀਰ ਬਨਾਉਣ ਤੋਂ ਬਾਅਦ ਉਸ ਨੂੰ ਸੰਭਾਲ ਕੇ ਰੱਖਣ ਲਈ ਉਸਨੂੰ ਸੇਵ ਕਰਨਾ ਪੈਂਦਾ ਹੈ। ਪੇਂਟ ਵਿਚ ਤਸਵੀਰ ਨੂੰ ਸੇਵ ਕਰਨ ਲਈ ਕਈ ਤਰੀਕੇ ਹਨ, ਜਿਵੇਂ ਕਿ: ਕੀਅ-ਬੋਰਡ ਰਾਹੀਂ, ਕੁੱਇਕ ਐਕਸੈਸ ਟੂਲਬਾਰ ਰਾਹੀਂ, ਪੇਂਟ ਬਟਨ ਦੇ ਮੀਨੂੰ ਰਾਹੀਂ, ਆਦਿ। ਪੇਂਟ ਵਿਚ ਫਾਈਲ ਨੂੰ ਕੀਅ-ਬੋਰਡ ਰਾਹੀਂ ਸੇਵ ਕਰਨ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:

1. ਕੀਅ-ਬੋਰਡ ਤੋਂ Ctrl + S ਕੀਅਜ਼ ਨੂੰ ਦਬਾਓ।
2. ਜੇਕਰ ਅਸੀਂ ਪਹਿਲੀ ਬਾਰ ਫਾਈਲ ਸੇਵ ਕਰ ਰਹੇ ਹਾਂ, ਤਾਂ ਸਾਨੂੰ ਇਕ ਡਾਇਲਾਗ ਬਾਕਸ ਨਜ਼ਰ ਆਵੇਗਾ। ਇਸ ਵਿਚ ਫਾਈਲ ਦਾ ਨਾਂ ਟਾਈਪ ਕਰੋ।
3. ਸੇਵ ਬਟਨ ਤੇ ਕਲਿੱਕ ਕਰੋ।

## ਪਾਠ-5 (ਐਮ. ਐਸ. ਪੇਂਟ - ਭਾਗ 2)

### ਖਾਲੀ ਥਾਵਾਂ ਭਰੋ।

1. ਕਲਿੱਪ ਬੋਰਡ ਮੀਨੂੰ ਦੀਆਂ ਤਿੰਨ ਆਪਸ਼ਨਾਂ ਹੁੰਦੀਆਂ ਹਨ: ਕੱਟ, ਕਾਪੀ ਅਤੇ ____________

ੳ. **ਪੇਸਟ** ਅ. ਮੂਵ ੲ. ਕਲੋਜ਼ ਸ. ਜ਼ੂਮ

2. ਸਭ ਤੋਂ ਉਪਰਲਾ ਬਟਨ ਜੋ ਕਿ ਡਾਇਮੰਡ ਸ਼ੇਪ ਵਿਚਕਾਰ ਲਾਈਨ ਹੈ ਉਸਨੂੰ ________ ਕਿਹਾ ਜਾਂਦਾ ਹੈ।

ੳ. ਪੇਸਟ ਅ. ਕੱਟ ੲ. ਕਾਪੀ ਸ. **ਕਰੋਪ**

3. ________ ਪੈਂਟਾਗਨ ਡਰਾਅ ਕਰਨ ਲਈ ਵਰਤਿਆ ਜਾਂਦਾ ਹੈ।

ੳ. ਟਰੈਂਗਲ ਅ. ਰਿਕਟੈਂਗਲ ੲ. **ਪੈਂਟਾਗਨ** ਸ. ਹੈਕਸਾਗਨ

4. ਇਰੇਜ਼ਰ ਟੂਲ ਦੀ ਮਦਦ ਨਾਲ ਅਸੀਂ ਮਾਊਸ ਦਾ ________ ਬਟਨ ਦਬਾਉਂਦੇ ਹੋਏ ਤਸਵੀਰ ਨੂੰ ਮਿਟਾ ਸਕਦੇ ਹਾਂ।

ੳ. **ਖੱਬਾ** ਅ. ਸੱਜਾ ੲ. ਸਕਰੋਲ ਸ. ਕੋਈ ਨਹੀਂ

5. ਜਦੋਂ ਅਸੀਂ ਮਾਊਸ ਦਾ ________ ਬਟਨ ਦਬਾਉਂਦੇ ਹਾਂ ਤਾਂ ਕਲਰ-2 ਦੀ ਵਰਤੋਂ ਹੁੰਦੀ ਹੈ।

ੳ. ਖੱਬਾ ਅ. **ਸੱਜਾ** ੲ. ਸਕਰੋਲ ਸ. ਕੋਈ ਨਹੀਂ


**ਸਹੀ/ਗਲਤ ਲਿਖੋ।**

1. ਐਲੀਪਸ ਟੂਲ ਦੀ ਮਦਦ ਨਾਲ ਅਸੀਂ ਸਕੁਏਅਰ ਬਣਾ ਸਕਦੇ ਹਾਂ। **(ਗਲਤ)**
2. ਇਰੇਜ਼ਰ ਟੂਲ ਫਰੀ ਹੈਂਡ ਡਰਾਇੰਗ ਕਰਨ ਦੇ ਕੰਮ ਆਉਂਦਾ ਹੈ। **(ਗਲਤ)**
3. ਬੁਰਸ਼ ਟੂਲ ਦੀ ਵਰਤੋਂ ਕਲਰ-ਸਪਰੇਅ ਕਰਨ ਲਈ ਕੀਤੀ ਜਾਂਦੀ ਹੈ। **(ਸਹੀ)**
4. ਡਰਾਇੰਗ ਜਾਂ ਵਰਕ-ਖੇਤਰ ਉਹ ਥਾਂ ਹੁੰਦੀ ਹੈ ਜਿੱਥੇ ਅਸੀਂ ਤਸਵੀਰਾਂ ਬਣਾ ਸਕਦੇ ਹਾਂ। **(ਸਹੀ)**
5. ਟੈਕਸਟ ਟੂਲ ਦੀ ਵਰਤੋਂ ਤਸਵੀਰ ਵਿਚ ਟੈਕਸਟ ਭਰਨ ਲਈ ਕੀਤੀ ਜਾਂਦੀ ਹੈ। **(ਸਹੀ)**

## ਛੋਟੇ ਉਤਰਾਂ ਵਾਲੇ ਪ੍ਰਸ਼ਨ:

**ਪ੍ਰ:1. ਹੋਮ ਟੈਬ ਰਿਬਨ ਕੀ ਹੁੰਦਾ ਹੈ?**


ਉ: ਹੋਮ ਟੈਬ ਰਿਬਨ ਪੇਂਟ ਦਾ ਇਕ ਮੁੱਖ ਰਿਬਨ ਹੈ। ਇਹ ਰਿਬਨ ਟਾਈਟਲ ਬਾਰ ਦੇ ਹੇਠਲੇ ਪਾਸੇ ਮੌਜੂਦ ਹੁੰਦਾ ਹੈ। ਪੇਂਟ ਵਿਚ ਜ਼ਿਆਦਾਤਰ ਵਰਤੀਆਂ ਜਾਣ ਵਾਲੀਆਂ ਕਮਾਂਡਜ਼ ਇਸ ਰਿਬਨ ਵਿਚ ਹੀ ਮੌਜੂਦ ਹੁੰਦੀਆਂ ਹਨ। ਸਾਰੇ ਟੂਲਜ਼, ਸ਼ੇਪਸ, ਕਲਰ ਪੈਲੇਟ ਅਤੇ ਹੋਰ ਬਹੁਤ ਸਾਰੀਆਂ ਕਮਾਂਡਜ਼ ਇਸ ਰਿਬਨ ਵਿਚ ਮੌਜੂਦ ਹੁੰਦੀਆਂ ਹਨ। ਪੇਂਟ ਵਿਚ ਹਰ ਤਰ੍ਹਾਂ ਦਾ ਕੰਮ ਕਰਨ ਲਈ ਸਾਨੂੰ ਹੋਮ ਟੈਬ ਦੀ ਜਰੂਰਤ ਪੈਂਦੀ ਹੈ। ਇਸ ਰਿਬਨ ਨੂੰ ਮਿਨੀਮਾਈਜ਼ ਵੀ ਕੀਤਾ ਜਾ ਸਕਦਾ ਹੈ।




**ਪ੍ਰ:2. ਹੋਮ ਟੈਬ ਰਿਬਨ ਦੇ ਮੁੱਖ ਭਾਗਾਂ ਦੇ ਨਾਂ ਲਿਖੋ।**

ਉ: ਹੋਮ ਟੈਬ ਰਿਬਨ ਦੇ ਮੁੱਖ ਭਾਗਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:

1. ਕਲਿੱਪਬੋਰਡ
2. ਇਮੇਜ਼
3. ਟੂਲਜ਼
4. ਬ੍ਰਸ਼ਿਜ਼
5. ਸ਼ੇਪਸ
6. ਸ਼ਾਇਜ਼
7. ਕਲਰਜ਼




**ਪ੍ਰ:3. ਟੂਲ ਮੀਨੂੰ ਵਿਚ ਮੌਜੂਦ ਟੂਲਜ਼ ਦੇ ਨਾਂ ਲਿਖੋ।**

ਉ: ਟੂਲ ਮੀਨੂੰ ਵਿਚ ਕੁੱਲ 6 ਟੂਲਜ਼ ਹੁੰਦੇ ਹਨ। ਇਹਨਾਂ ਟੂਲਜ਼ ਦੇ ਨਾਂ ਹੇਠ ਲਿਖੇ ਅਨੁਸਾਰ ਹਨ:

1. ਪੈਨਸਿਲ
2. ਫ਼ਿੱਲ ਵਿੱਦ ਕਲਰ
3. ਟੈਕਸਟ
4. ਇਰੇਜ਼ਰ
5. ਪਿੱਕ ਕਲਰ
6. ਮੈਗਨੀਫਾਇਰ

**ਪ੍ਰ:4. ਸਾਈਜ਼ ਟੂਲ ਕੀ ਹੁੰਦਾ ਹੈ?**

ਉ: ਸਾਈਜ਼ ਟੂਲ ਇਕ ਅਜਿਹਾ ਟੂਲ ਹੈ ਜਿਸ ਦੀ ਵਰਤੋਂ ਨਾਲ ਬੁਰਸ਼ ਦਾ ਸਾਈਜ਼ ਜਾਂ ਕਿਸੇ ਸ਼ੇਪ ਦੀ ਲਾਈਨ ਦੀ ਮੋਟਾਈ ਨੂੰ ਬਦਲਿਆ ਜਾ ਸਕਦਾ ਹੈ। ਇਹ ਟੂਲ ਉਸ ਸਮੇਂ ਐਕਟਿਵ ਹੁੰਦਾ ਹੈ ਜਦੋਂ ਅਸੀਂ ਬੁਰਸ਼ ਜਾਂ ਸ਼ੇਪ ਟੂਲ ਦੀ ਵਰਤੋਂ ਕਰਦੇ ਹਾਂ।

**ਪ੍ਰ:5. ਬੁਰਸ਼ ਬਾਰੇ ਦੱਸੋ।**

ਉ: ਬੁਰਸ਼ ਟੂਲ ਦੀ ਵਰਤੋਂ ਨਾਲ ਅਸੀਂ ਵੱਖ-ਵੱਖ ਟੈਕਸਚਰ ਅਤੇ ਬੁਰਸ਼ਾਂ ਦੇ ਆਕਾਰ ਦੀ ਵਰਤੋਂ ਕਰਦੇ ਹੋਏ ਡਰਾਇੰਗ ਤਿਆਰ ਕਰ ਸਕਦੇ ਹਾਂ। ਬੁਰਸ਼ ਦੇ ਆਕਾਰ ਨੂੰ ਅਸੀਂ ਸਾਈਜ਼ ਟੂਲ ਜਾਂ ਬੁਰਸ਼ ਟੂਲ ਨਾਲ ਕੰਟਰੋਲ ਕਰ ਸਕਦੇ ਹਾਂ।

## ਵੱਡੇ ਉਤਰਾਂ ਵਾਲੇ ਪ੍ਰਸ਼ਨ:


**ਪ੍ਰ:1. ਵਿਊ ਟੈਬ ਰਿਬਨ ਦਾ ਵਰਨਣ ਕਰੋ।**

ਉ: ਵਿਊ ਟੈਬ ਰਿਬਨ ਪੇਂਟ ਦਾ ਦੂਸਰਾ ਮੁੱਖ ਰਿਬਨ ਹੈ। ਇਸ ਰਿਬਨ ਵਿਚ ਤਸਵੀਰ ਨੂੰ ਦੇਖਣ ਨਾਲ ਸੰਬੰਧਤ ਵੱਖ-ਵੱਖ ਟੂਲਜ਼ ਹੁੰਦੇ ਹਨ। ਮੁੱਖ ਟੂਲਜ਼ ਜ਼ੂਮ, ਸ਼ੋਅ ਜਾਂ ਹਾਈਡ ਅਤੇ ਡਿਸਪਲੇ ਹਨ। ਇਹਨਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹਨ:


**1. ਜ਼ੂਮ ਟੂਲ**: ਇਸ ਟੂਲ ਦੀ ਵਰਤੋਂ ਤਸਵੀਰ ਨੂੰ ਜਿਆਦਾ ਨੇੜੇ ਜਾਂ ਦੂਰ ਤੋਂ ਦੇਖਣ ਲਈ ਕੀਤੀ ਜਾਂਦੀ ਹੈ।

**2. ਸ਼ੋਅ ਜਾਂ ਹਾਈਡ**:ਇਹਨਾਂ ਟੂਲਜ਼ ਦੀ ਵਰਤੋਂ ਨਾਲ ਅਸੀਂ ਰੂਲਰ, ਗਰਿੱਡ ਲਾਈਨਜ਼ ਅਤੇ ਸਟੇਟਸ ਬਾਰ ਨੂੰ ਸ਼ੋਅ ਜਾਂ ਹਾਈਡ ਕਰ ਸਕਦੇ ਹਾਂ।

**3. ਡਿਸਪਲੇ ਟੂਲ**: ਇਸ ਟੂਲ ਦੀ ਵਰਤੋਂ ਅਸੀਂ ਤਸਵੀਰ ਨੂੰ ਪੂਰੀ ਸਕ੍ਰੀਨ ਜਾਂ ਨੋਰਮਲ ਵਿਊ ਵਿਚ ਦੇਖਣ ਲਈ ਕਰਦੇ ਹਾਂ।





**ਪ੍ਰ:2. ਹੋਮ ਟੈਬ ਰਿਬਨ ਦੇ ਕਲਰ ਸੈਕਸ਼ਨ ਦੇ ਭਾਗਾਂ ਦਾ ਵਰਣਣ ਕਰੋ।**




ਉ: ਹੋਮ ਟੈਬ ਰਿਬਨ ਵਿਚ ਕਲਰ ਸੈਕਸ਼ਨ ਇਕ ਮੁੱਖ ਭਾਗ ਹੈ। ਇਸ ਸੈਕਸ਼ਨ ਵਿਚ 3 ਭਾਗ ਹੁੰਦੇ ਹਨ:


1. **ਕਲਰ-1 ਅਤੇ ਕਲਰ-2 ਬਾਕਸ (ਐਕਟੀਵ ਕਲਰਜ਼):** ਕਲਰ-1 ਫੋਰਗ੍ਰਾਉਂਡ ਕਲਰ ਹੁੰਦਾ ਹੈ ਅਤੇ ਕਲਰ-2 ਬੈਕਗ੍ਰਾਉਂਡ ਕਲਰ ਹੁੰਦਾ ਹੈ।


2. **ਕਲਰ-ਪੈਲੇਟ:** ਵੱਖ-ਵੱਖ ਰੰਗਾ ਦੀ ਇਕ ਪੱਟੀ ਹੁੰਦੀ ਹੈ। ਇਹਨ੍ਹਾਂ ਰੰਗਾਂ ਦੀ ਵਰਤੋਂ ਨਾਲ ਅਸੀਂ ਤਸਵੀਰ ਲਈ ਫੋਰਗ੍ਰਾਉਂਡ ਕਲਰ ਅਤੇ ਬੈਕਗ੍ਰਾਉਂਡ ਕਲਰ ਚੁਣ ਸਕਦੇ ਹਾਂ।
3. **ਐਡਿਟ ਕਲਰ ਬਟਨ:** ਇਸ ਬਟਨ ਦੀ ਵਰਤੋਂ ਨਾਲ ਅਸੀਂ ਆਪਣੀ ਪਸੰਦ ਦਾ ਨਵਾਂ ਰੰਗ ਕਲਰ-ਪੈਲੇਟ ਵਿਚ ਸ਼ਾਮਲ ਕਰ ਸਕਦੇ ਹਾਂ





**ਪ੍ਰ:3. ਰੀ-ਸਾਈਜ਼ ਅਤੇ ਸਕਿਉ ਆਪਸ਼ਨ ਬਾਰੇ ਲਿਖੋ।**
ਉ: ਰੀ-ਸਾਈਜ਼ ਅਤੇ ਸਕਿਉ ਆਪਸ਼ਨ ਹੋਮ ਟੈਬ ਰਿਬਨ ਉੱਤੇ ਮੌਜੂਦ ਹੁੰਦੀ ਹੈ। ਇਸ ਦੀ ਵਰਤੋਂ ਨਾਲ ਅਸੀਂ ਤਸਵੀਰ ਦਾ ਸਈਜ਼ ਘਟਾ-ਵਧਾ ਸਕਦੇ ਹਾਂ ਜਾਂ ਤਸਵੀਰ ਉਪਰ ਸਕੀਉ ਦਾ ਪ੍ਰਭਾਵ ਲਾਗੂ ਕਰ ਸਕਦੇ ਹਾਂ। ਤਸਵੀਰ ਨੂੰ ਰੀ-ਸਾਈਜ਼ ਕਰਨ ਲਈ ਅਸੀਂ ਪਰਸੈਂਟੇਜ਼ ਜਾਂ ਪਿਕਸਲਜ਼ ਵਿਚ ਮੁੱਲ ਭਰ ਸਕਦੇ ਹਾਂ। ਪਰਤੂੰ ਤਸਵੀਰ ਉਪਰ ਸਕਿਓ ਪ੍ਰਭਾਵ ਲਾਗੂ ਕਰਨ ਲਈ ਸਕਿਉ-ਕੋਨ ਦਾ ਮਾਪ ਡਿਗਰੀ ਵਿਚ ਭਰਨਾ ਪੈਂਦਾ ਹੈ।

**ਪ੍ਰ:4. ਟੈਕਸਟ ਟੂਲ ਕੀ ਹੁੰਦਾ ਹੈ। ਟੈਕਸਟ ਨੂੰ ਫਾਰਮੈਟ ਕਿਵੇਂ ਕੀਤਾ ਜਾਂਦਾ ਹੈ?**
ਉ: ਇਹ ਟੂਲ ਹੋਮ ਟੈਬ ਦੇ ਟੂਲਜ਼ ਗਰੁਪ ਵਿਚ ਮੌਜੂਦ ਹੁੰਦਾ ਹੈ। ਇਸ ਟੂਲ ਦੀ ਵਰਤੋਂ ਤਸਵੀਰ ਵਿਚ ਟੈਕਸਟ ਭਰਨ ਲਈ ਕੀਤੀ ਜਾਂਦੀ ਹੈ। ਇਸ ਟੂਲ ਦੀ ਵਰਤੋਂ ਨਾਲ ਬਾਕਸ ਬਣਾ ਕੇ ਉਸ ਵਿਚ ਲਿਖ ਸਕਦੇ ਹਾਂ। ਇਸ ਟੂਲ ਦੀ ਵਰਤੋਂ ਸਮੇਂ ਇਕ ਹੋਰ ਟੂਲਬਾਰ ਨਜ਼ਰ ਆਉਣ ਲੱਗ ਜਾਂਦੀ ਹੈ, ਜਿਸਨੂੰ ਟੈਕਸਟ-ਟੂਲਬਾਰ ਕਿਹਾ ਜਾਂਦਾ ਹੈ। ਇਹ ਟੂਲਬਾਰ ਟੈਕਸਟ ਉਪਰ ਕਈ ਤਰਾਂ ਦੇ ਓਪਰੇਸ਼ਨ ਲਾਗੂ ਕਰਨ ਵਿਚ ਸਾਡੀ ਮਦਦ ਕਰਦਾ ਹੈ, ਜਿਵੇਂ ਕਿ: ਅੱਖਰਾਂ ਨੂੰ ਬੋਲਡ, ਇਟੈਲਿਕ, ਅੰਡਰਲਾਈਨ ਕਰਨਾ, ਅੱਖਰਾਂ ਦਾ ਆਕਾਰ ਵੱਡਾ ਛੋਟਾ ਕਰਨਾ ਆਦਿ।




**ਪ੍ਰ:5. ਸ਼ੇਪਸ ਮੀਨੂੰ ਬਾਰੇ ਵਿਸਤਾਰ ਨਾਲ ਲਿਖੋ।**
ਉ: ਇਹ ਮੀਨੂੰ ਹੋਮ ਟੈਬ ਰਿਬਨ ਉਪਰ ਮੌਜੂਦ ਹੁੰਦਾ ਹੈ। ਇਸ ਦੀ ਵਰਤੋਂ ਨਾਲ ਅਸੀਂ ਵੱਖ-ਵੱਖ ਕਿਸਮਾਂ ਦੀਆਂ ਆਕ੍ਰਿਤੀਆਂ ਬਣਾ ਸਕਦੇ ਹਾਂ। ਇਸ ਵਿਚ ਮੌਜੂਦ ਕੁੱਝ ਮੁੱਖ ਆਕ੍ਰਿਤੀਆਂ ਇਸ ਪ੍ਰਕਾਰ ਹਨ: ਰੈਕਟੈਂਗਲ, ਰਾਊਂਡਿਡ ਰੈਕਟੈਂਗਿਲ, ਐਲਿਪਸ, ਕਰਵ, ਪੋਲੀਗਾਨ, ਲਾਈਨ ਆਦਿ। ਕਿਸੇ ਵੀ ਸ਼ੇਪ ਨੂੰ ਡਰਾਅ ਕਰਨ ਲਈ ਹੇਠ ਲਿਖੇ ਸਟੈਪ ਵਰਤੋ:
1. ਜਿਸ ਸ਼ੇਪ ਨੂੰ ਡਰਾਅ ਕਰਨਾ ਹੈ ਉਸ ਉਪਰ ਕਲਿੱਕ ਕਰੋ।
2. ਡਰਾਇੰਗ ਏਰੀਆ ਵਿਚ ਕਲਿੱਕ ਅਤੇ ਡਰੈਗ ਕਰੋ।
3. ਸ਼ੇਪ ਡਰਾਅ ਹੋ ਜਾਵੇਗੀ।



## ਪਾਠ-6 (ਹਾਰਡਵੇਅਰ ਅਤੇ ਸਾਫਟਵੇਅਰ)

### ਖਾਲੀ ਥਾਵਾਂ ਭਰੋ।

1. ਕੰਪਿਊਟਰ ਹਾਰਡਵੇਅਰ ਅਤੇ ______________ ਦਾ ਸੁਮੇਲ ਹੈ। (**ਸਾਫਟਵੇਅਰ**)
2. ਹਿਦਾਇਤਾਂ ਦੇ ਸਮੂਹ ਨੂੰ ______________ ਕਿਹਾ ਜਾਂਦਾ ਹੈ। (**ਪ੍ਰੋਗਰਾਮ**)
3. ਪ੍ਰੋਗਰਾਮਾਂ ਦੇ ਸਮੂਹ ਨੂੰ ______________ ਕਿਹਾ ਜਾਂਦਾ ਹੈ। (**ਸਾਫਟਵੇਅਰ**)
4. ਸਾਫਟਵੇਅਰ ਮੁੱਖ ਤੌਰ ਤੇ ______________ ਤਰ੍ਹਾਂ ਦੇ ਹੁੰਦੇ ਹਨ। (**ਦੋ**)
5. ਕੰਪਿਊਟਰ _________ ਤੋਂ ਬਿਨ੍ਹਾਂ ਕੰਮ ਨਹੀਂ ਕਰ ਸਕਦਾ। (**ਸਾਫਟਵੇਅਰ**)

### ਸਹੀ ਜਾਂ ਗਲਤ ਲਿਖੋ।

1. ਸਾਫ਼ਟਵੇਅਰ ਦਾ ਦੂਜਾ ਨਾਂ ਹਾਰਡਵੇਅਰ ਹੈ। (**ਗਲਤ**)
2. ਪ੍ਰੋਗਰਾਮ ਦੇ ਰੂਪ ਵਿਚ ਦਿੱਤੀਆਂ ਜਾਣ ਵਾਲੀਆਂ ਹਦਾਇਤਾਂ ਨੂੰ ਸਾਫਰਵੇਅਰ ਕਿਹਾ ਜਾਂਦਾ ਹੈ। (**ਸਹੀ**)
3. ਅਸੀਂ ਹਾਰਡਵੇਅਰ ਨੂੰ ਛੂਹ ਨਹੀਂ ਸਕਦੇ। (**ਗਲਤ**)
4. ਸਾਫਟਵੇਅਰ ਦੀਆਂ ਦੋ ਕਿਸਮਾਂ ਹੁੰਦੀਆਂ ਹਨ: ਸਿਸਟਮ ਸਾਫਟਵੇਅਰ ਅਤੇ ਐਪਲੀਕੇਸ਼ਨ ਸਾਫਟਵੇਅਰ (**ਸਹੀ**)
5. ਸਿਸਟਮ ਸਾਫਟਵੇਅਰ ਦੀ ਕਿਮਤ ਜਿਆਦਾ ਹੁੰਦੀ ਹੈ। (**ਸਹੀ**)

### ਹੇਠ ਲਿਖਿਆਂ ਵਿਚੋਂ ਕਿਹੜੇ ਹਾਰਡਵੇਅਰ ਹਨ:

1. ਫ਼ਲੋਪੀ ਡਿਸਕ 2. ਸੀ.ਡੀ.ਰੋਮ 3. ਮਾਊਸ 4. ਐਮ.ਐਸ. ਪੇਂਟ 5. ਪ੍ਰੈਜ਼ੈਂਟੇਸ਼ਨ 6. ਕੀਅ-ਬੋਰਡ

ਉ: ਫਲੋਪੀ ਡਿਸਕ, ਸੀ.ਡੀ.ਰੋਮ., ਮਾਊਸ, ਕੀਅ-ਬੋਰਡ ਹਾਰਡਵੇਅਰ ਹਨ।

### ਛੋਟੇ ਉਤਰਾਂ ਵਾਲੇ ਪ੍ਰਸ਼ਨ:

**1. ਹਾਰਡਵੇਅਰ ਕੀ ਹੈ?**

ਉ: ਕੰਪਿਊਟਰ ਦੇ ਭੋਤਿਕ ਭਾਗਾਂ ਨੂੰ ਹਾਰਡਵੇਅਰ ਕਿਹਾ ਜਾਂਦਾ ਹੈ। ਉਦਾਹਰਣ ਲਈ: ਕੀ-ਬੋਰਡ, ਮਾਊਸ, ਮੋਨੀਟਰ, ਪ੍ਰਿੰਟਰ ਆਦਿ। ਅਸੀਂ ਹਾਰਡਵੇਅਰ ਨੂੰ ਛੂ ਸਕਦੇ ਹਾਂ ਅਤੇ ਮਹਿਸੂਸ ਕਰ ਸਕਦੇ ਹਾਂ।ਇਹ ਥਾਂ ਘੇਰਦੇ ਹਨ।


**2. ਸਾਫਟਵੇਅਰ ਕੀ ਹੈ?**

ਉ: ਕੰਪਿਊਟਰ ਨੂੰ ਕੰਮ ਕਰਨ ਲਈ ਹਦਾਇਤਾਂ ਦੀ ਲੋੜ ਪੈਂਦੀ ਹੈ। ਹਦਾਇਤਾਂ ਦੇ ਸਮੂਹ ਨੂੰ ਪ੍ਰੋਗਰਾਮ ਕਿਹਾ ਜਾਂਦਾ ਹੈ ਅਤੇ ਪ੍ਰੋਗਰਾਮ ਦੇ ਸਮੂਹ ਨੂੰ ਸਾਫਟਵੇਅਰ ਕਿਹਾ ਜਾਂਦਾ ਹੈ।ਅਸੀਂ ਸਾਫਟਵੇਅਰ ਨੂੰ ਛੂ ਨਹੀਂ ਸਕਦੇ ਅਤੇ ਨਾਂ ਹੀ ਮਹਿਸੂਸ ਕਰ ਸਕਦੇ ਹਾਂ।

**3. ਦੋ ਤਰ੍ਹਾਂ ਦੇ ਸਾਫਟਵੇਅਰ ਕਿਹੜੇ ਹੁੰਦੇ ਹਨ?**

ਉ: ਸਾਫਟਵੇਅਰ ਹੇਠ ਲਿਖੀਆਂ ਦੋ ਕਿਸਮਾਂ ਦੇ ਹੁੰਦੇ ਹਨ:

1. **ਐਪਲੀਕੇਸ਼ਨ ਸਾਫਟਵੇਅਰ**: ਇਹ ਕੰਪਿਊਟਰ ਵਿਚ ਕੋਈ ਖਾਸ ਕੰਮ ਕਰਦੇ ਹਨ।
2. **ਸਿਸਟਮ ਸਾਫਟਵੇਅਰ**: ਇਹ ਕੰਪਿਊਟਰ ਦੇ ਕੰਮ ਕਾਜ ਨੂੰ ਕੰਟਰੋਲ ਕਰਦੇ ਹਨ।




**4. ਹਾਰਡਵੇਅਰ ਦੀਆਂ ਚਾਰ ਉਦਾਹਰਨਾਂ ਲਿਖੋ।**

ਉ: ਹਾਰਡਵੇਅਰ ਦੀਆਂ ਕੁੱਝ ਉਦਾਹਰਨਾਂ ਇਸ ਪ੍ਰਕਾਰ ਹਨ:

1. ਕੀਅ-ਬੋਰਡ
2. ਮਾਊਸ
3. ਮੋਨੀਟਰ
4. ਪ੍ਰਿੰਟਰ
5. ਸਪੀਕਰ
6. ਸੀ.ਪੀ.ਯੂ.

**5. ਸਾਫਟਵੇਅਰ ਦੀਆਂ ਕੀ ਵਿਸ਼ੇਸ਼ਤਾਵਾਂ ਹੁੰਦੀਆਂ ਹਨ?**

ਉ: ਸਾਫਟਵੇਅਰ ਵਿਚ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ:

1. ਸਾਫਟਵੇਅਰ ਨੂੰ ਅਸੀਂ ਛੂ ਨਹੀਂ ਸਕਦੇ।
2. ਇਹ ਕੰਪਿਊਟਰ ਨੂੰ ਕੰਮ ਕਰਨ ਲਈ ਹਦਾਇਤਾਂ ਪ੍ਰਦਾਨ ਕਰਦੇ ਹਨ।
3. ਇਹਨਾਂ ਦਾ ਭਾਰ ਨਹੀਂ ਹੁੰਦਾ।
4. ਇਹ ਕੀਮਤੀ ਹੁੰਦੇ ਹਨ।

### ਵੱਡੇ ਉਤਰਾਂ ਵਾਲੇ ਪ੍ਰਸ਼ਨ:

**1. ਐਪਲੀਕੇਸ਼ਨ ਸਾਫਟਵੇਅਰ ਅਤੇ ਸਿਸਟਮ ਸਾਫਟਵੇਅਰ ਵਿਚ ਅੰਤਰ ਲਿਖੋ।**

ਉ: ਐਪਲੀਕੇਸ਼ਨ ਸਾਫਟਵੇਅਰ ਅਤੇ ਸਿਸਟਮ ਸਾਫਟਵੇਅਰ ਵਿਚ ਅੰਤਰ ਇਸ ਪ੍ਰਕਾਰ ਹੈ:

| ਐਪਲੀਕੇਸ਼ਨ ਸਾਫਟਵੇਅਰ | ਸਿਸਟਮ ਸਾਫਟਵੇਅਰ |
|---|---|
| 1. ਇਹ ਐਪਲੀਕੇਸ਼ਨ ਪ੍ਰੋਗਰਾਮਾਂ ਦਾ ਸਮੂਹ ਹੁੰਦੇ ਹਨ। | 1. ਇਹ ਸਿਸਟਮ ਪ੍ਰੋਗਰਾਮਾਂ ਦਾ ਸਮੂਹ ਹੁੰਦੇ ਹਨ। |
| 2. ਇਹ ਖਾਸ ਕੰਮ ਕਰਨ ਲਈ ਵਰਤੇ ਜਾਂਦੇ ਹਨ। | 2. ਇਹ ਕੰਪਿਊਟਰ ਦੇ ਕੰਮਕਾਜ ਨੂੰ ਕੰਟਰੋਲ ਕਰਦੇ ਹਨ। |
| 3. ਇਹ ਸਿਸਟਮ ਸਾਫਟਵੇਅਰ ਤੋਂ ਬਿਨ੍ਹਾਂ ਨਹੀਂ ਚੱਲ ਸਕਦੇ। | 3. ਇਹ ਐਪਲੀਕੇਸ਼ਨ ਸਾਫਟਵੇਅਰ ਤੋਂ ਬਿਨ੍ਹਾਂ ਚੱਲ ਸਕਦੇ ਹਨ। |
| 4. ਇਹ ਬਨਾਉਣੇ ਸੌਖੇ ਹੁੰਦੇ ਹਨ। | 4. ਇਹ ਬਨਾਉਣਾ ਔਖੇ ਹੁੰਦੇ ਹਨ। |
| 5. ਇਹ ਘੱਟ ਗੁੰਝਲਦਾਰ ਹੁੰਦੇ ਹਨ। | 5. ਇਹ ਘਜ਼ਿਆਦਾਟ ਗੁੰਝਲਦਾਰ ਹੁੰਦੇ ਹਨ। |
| 6. ਇਹਨਾਂ ਦੀ ਕੀਮਤ ਘੱਟ ਹੁੰਦੀ ਹੈ। | 6. ਇਹਨਾਂ ਦੀ ਕੀਮਤ ਜ਼ਿਆਦਾ ਹੁੰਦੀ ਹੈ। |
| 7. ਇਹਨਾਂ ਤੋਂ ਬਿਨ੍ਹਾਂ ਕੰਪਿਊਟਰ ਚੱਲ ਸਕਦਾ ਹੈ। | 7. ਇਹਨਾਂ ਤੋਂ ਬਿਨ੍ਹਾਂ ਕੰਪਿਊਟਰ ਨਹੀਂ ਚੱਲ ਸਕਦਾ। |
| 8. ਉਦਾਹਰਣ: ਵਰਡ ਪ੍ਰੋਸੈਸਰ, ਸਪ੍ਰੈਡਸ਼ੀਟ ਆਦਿ | 8. ਉਦਾਹਰਣ: ਓਪਰੇਟਿੰਗ ਸਿਸਟਮ, ਭਾਸ਼ਾ ਟ੍ਰਾਂਸਲੇਟਰ ਆਦਿ |

**2. ਹਾਰਡਵੇਅਰ ਨੂੰ ਠੀਕ ਰੱਖਣ ਲਈ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

ਉ: ਹਾਰਡਵੇਅਰ ਨੂੰ ਠੀਕ ਰੱਖਣ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

1. ਕੰਪਿਊਟਰ ਦੇ ਭਾਗਾਂ ਨੂੰ ਸਾਫ ਰੱਖਣਾ ਚਾਹੀਂਦਾ ਹੈ।
2. ਕੰਪਿਊਟਰ ਨੂੰ ਵਰਤਣ ਤੋਂ ਬਾਅਦ ਢੱਕ ਦੇਣਾ ਚਾਹੀਂਦਾ ਹੈ।
3. ਕੰਪਿਊਟਰ ਦੀਆਂ ਤਾਰਾਂ ਨੂੰ ਨਹੀਂ ਖਿਚਣਾ ਚਾਹੀਂਦਾ।
4. ਹਾਰਡਵੇਅਰ ਨੂੰ ਟੱਟਣ ਤੋਂ ਬਚਾਉਣਾ ਚਾਹੀਂਦਾ ਹੈ।
5. ਚੱਲਦੇ ਕੰਪਿਊਟਰ ਦੇ ਭਾਗਾਂ ਨੂੰ ਸਾਫ ਨਹੀਂ ਕਰਨਾ ਚਾਹੀਂਦਾ।
6. ਕੰਪਿਊਟਰ ਨੂੰ ਸਾਫ ਕਰਨ ਲਈ ਸਾਫ ਕੱਪੜੇ ਅਤੇ ਨਰਮ ਬੁਰਸ਼ ਦੀ ਵਰਤੋਂ ਕਰਨੀ ਚਾਹੀਂਦੀ ਹੈ।
7. ਕੰਪਿਊਟਰ ਦੇ ਨੇੜੇ ਕੁੱਝ ਖਾਣਾ-ਪੀਣਾ ਨਹੀਂ ਚਾਹੀਂਦਾ।
8. ਕੀਅ-ਬੋਰਡ ਦੀਆਂ ਕੀਜ਼ ਨੂੰ ਜੋਰ ਨਾਲ ਨਹੀਂ ਦਬਾਉਣਾ ਚਾਹੀਂਦਾ।

**3. ਵੱਖ-ਵੱਖ ਸਾਫਟਵੇਅਰਜ਼ ਬਾਰੇ ਜਾਣਕਾਰੀ ਦਿਓ।**


ਉ: ਕੰਪਿਊਟਰ ਨੂੰ ਕੰਮ ਕਰਨ ਲਈ ਹਦਾਇਤਾਂ ਦੀ ਲੋੜ ਪੈਂਦੀ ਹੈ। ਹਦਾਇਤਾਂ ਦੇ ਸਮੂਹ ਨੂੰ ਪ੍ਰੋਗਰਾਮ ਕਿਹਾ ਜਾਂਦਾ ਹੈ ਅਤੇ ਪ੍ਰੋਗਰਾਮ ਦੇ ਸਮੂਹ ਨੂੰ ਸਾਫਟਵੇਅਰ ਕਿਹਾ ਜਾਂਦਾ ਹੈ। ਇਹ ਸਾਫਟਵੇਅਰ ਹੇਠ ਲਿਖੀਆਂ ਦੋ ਕਿਸਮਾਂ ਦੇ ਹੁੰਦੇ ਹਨ:

1. **ਐਪਲੀਕੇਸ਼ਨ ਸਾਫਟਵੇਅਰ**: ਇਹ ਐਪਲੀਕੇਸ਼ਨ ਪ੍ਰੋਗਰਾਮਾਂ ਦਾ ਸਮੂਹ ਹੁੰਦੇ ਹਨ। ਇਹ ਕੰਪਿਊਟਰ ਵਿਚ ਕੋਈ ਖਾਸ ਕੰਮ ਕਰਦੇ ਹਨ।ਇਹ ਸਿਸਟਮ ਸਾਫਟਵੇਅਰ ਤੋਂ ਬਿਨ੍ਹਾਂ ਨਹੀਂ ਚੱਲ ਸਕਦੇ। ਇਹਨਾਂ ਦੀ ਕੀਮਤ ਘੱਟ ਹੁੰਦੀ ਹੈ।ਇਹ ਬਨਾਉਣੇ ਸੌਖੇ ਹੁੰਦੇ ਹਨ।ਇਹ ਘੱਟ ਗੁੰਝਲਦਾਰ ਹੁੰਦੇ ਹਨ।ਇਹਨਾਂ ਤੋਂ ਬਿਨ੍ਹਾਂ ਕੰਪਿਊਟਰ ਚੱਲ ਸਕਦਾ ਹੈ।ਉਦਾਹਰਣ: ਵਰਡ ਪ੍ਰੋਸੈਸਰ, ਸਪ੍ਰੈਡਸ਼ੀਟ ਆਦਿ
2. **ਸਿਸਟਮ ਸਾਫਟਵੇਅਰ**: ਇਹ ਐਪਲੀਕੇਸ਼ਨ ਪ੍ਰੋਗਰਾਮਾਂ ਦਾ ਸਮੂਹ ਹੁੰਦੇ ਹਨ।ਇਹ ਕੰਪਿਊਟਰ ਦੇ ਕੰਮ ਕਾਜ ਨੂੰ ਕੰਟਰੋਲ ਕਰਦੇ ਹਨ। ਇਹ ਐਪਲੀਕੇਸ਼ਨ ਸਾਫਟਵੇਅਰ ਤੋਂ ਬਿਨ੍ਹਾਂ ਚੱਲ ਸਕਦੇ ਹਨ। ਇਹਨਾਂ ਦੀ ਕੀਮਤ ਜ਼ਿਆਦਾ ਹੁੰਦੀ ਹੈ।ਇਹ ਬਨਾਉਣੇ ਔਖੇ ਹੁੰਦੇ ਹਨ।ਇਹ ਜਿਆਦਾ ਗੁੰਝਲਦਾਰ ਹੁੰਦੇ ਹਨ।ਇਹਨਾਂ ਤੋਂ ਬਿਨ੍ਹਾਂ ਕੰਪਿਊਟਰ ਚੱਲ ਨਹੀਂ ਸਕਦਾ ਹੈ।ਉਦਾਹਰਣ: ਓਪਰੇਟਿੰਗ ਸਿਸਟਮ, ਭਾਸ਼ਾ ਟ੍ਰਾਂਸਲੇਟਰ ਆਦਿ।

**4. ਮਦਰ ਬੋਰਡ ਕੀ ਹੈ? ਇਸਦੇ ਭਾਗਾਂ ਬਾਰੇ ਜਾਣਕਾਰੀ ਦਿਓ।**

ਉ: ਮਦਰ ਬੋਰਡ ਇਕ ਪਲਾਸਟਿੱਕ ਦੀ ਸ਼ੀਟ ਹੁੰਦੀ ਹੈ। ਇਸ ਉਪਰ ਕੰਪਿਊਟਰ ਦੇ ਵੱਖ-ਵੱਖ ਭਾਗਾਂ ਨੂੰ ਜੋੜਨ ਲਈ ਕਈ ਤਰਾਂ ਦੇ ਸਰਕਟ ਮੌਜੂਦ ਹੁੰਦੇ ਹਨ। ਮਦਰਬੋਰਡ ਨਾਲ ਜੁੜਨ ਵਾਲੇ ਹਾਰਡਵੇਅਰ ਉਪਕਰਨ ਇਸ ਪ੍ਰਕਾਰ ਹਨ:

1. **ਹਾਰਡ ਡਰਾਈਵ**: ਇਸਦੀ ਵਰਤੋਂ ਡਾਟਾ ਨੂੰ ਪਕੱਕੇ ਤੌਰ ਤੇ ਕਰਨ ਲਈ ਕੀਤੀ ਜਾਂਦੀ ਹੈ।
2. **ਵੀਡੀਓ ਕਾਰਡ**: ਇਹ ਸੂਚਨਾ ਨੂੰ ਮੋਨੀਟਰ ਤੇ ਦਰਸ਼ਾਉਂਦਾ ਹੈ।
3. **ਪ੍ਰੋਸੈਸਰ (CPU)**: ਇਹ ਕੰਪਿਊਟਰ ਦਾ ਦਿਮਾਗ ਮੰਨਿਆ ਜਾਂਦਾ ਹੈ, ਜੋ ਹਦਾਇਤਾਂ ਨੂੰ ਲਾਗੂ ਕਰਨ ਦਾ ਕੰਮ ਕਰਦਾ ਹੈ।
4. **ਰੈਮ (RAM)**: ਇਹ ਮੁੱਖ ਮੈਮਰੀ ਹੁੰਦੀ ਹੈ। ਇਸ ਤੋਂ ਬਿਨ੍ਹਾਂ ਕੰਪਿਊਟਰ ਨਹੀਂ ਚੱਲ ਸਕਦਾ।
5. **ਪਾਵਰ ਸਪਲਾਈ (SMPS)**: ਇਹ ਕੰਪਿਊਟਰ ਨੂੰ ਬਿਜਲੀ ਦੀ ਸਪਲਾਈ ਦਿੰਦਾ ਹੈ।
6. **ਸੀ.ਡੀ/ਡੀ.ਵੀ.ਡੀ. ਰੋਮ**: ਇਹ ਕੰਪਿਊਟਰ ਵਿਚ ਸੀ.ਡੀ. ਜਾਂ ਡੀ.ਵੀ.ਡੀ. ਚਲਾਉਣ ਦੇ ਕੰਮ ਆਉਂਦਾ ਹੈ।



## ਪਾਠ-7 (ਇਨਪੁੱਟ ਯੰਤਰ)

### ਖਾਲੀ ਥਾਵਾਂ ਭਰੋ।

1. __________ ਦੀ ਵਰਤੋਂ ਕੰਪਿਊਟਰ ਵਿਚ ਫੋਟੋਆਂ ਕਲਿੱਕ ਕਰਨ ਲਈ ਕੀਤੀ ਜਾਂਦੀ ਹੈ।(**ਵੈਬ ਕੈਮਰੇ**)
2. ਆਮ ਵਰਤੋਂ ਵਾਲੇ ਕੀਅ-ਬੋਰਡ ਦੀਆਂ ____________ ਕੀਅਜ਼ ਹੁੰਦੀਆਂ ਹਨ। (**104**)
3. ਬਾਰ-ਕੋਡ ਰੀਡਰ ਵਿਚ ___________ ਹੁੰਦਾ ਹੈ। (**ਲੈਨਜ਼ ਅਤੇ ਲਾਈਟ ਸੈਂਸਰ**)
4. __________ ਇਕ ਪੁਆਇੰਟਿੰਗ ਯੰਤਰ ਹੁੰਦਾ ਹੈ। (**ਮਾਊਸ**)
5. _______ ਦੀ ਵਰਤੋਂ ਕੰਪਿਊਟਰ ਵਿਚ ਟੈਕਸਟ ਅਤੇ ਤਸਵੀਰਾਂ ਭਰਨ ਲਈ ਕੀਤੀ ਜਾਂਦੀ ਹੈ। (**ਸਕੈਨਰ**)
6. _________ ਕੀਅਜ਼ ਦੀ ਵਰਤੋਂ ਕਰਸਰ ਨੂੰ ਸਾਰੀਆਂ ਦਿਸ਼ਾਵਾਂ ਵਿਚ ਘੁਮਾਉਣ ਲਈ ਕੀਤੀ ਜਾਂਦੀ ਹੈ।(**ਐਰੋ**)

### ਸਹੀ ਜਾਂ ਗਲਤ ਲਿਖੋ।

1. ਵੈਬ ਕੈਮਰਾ ਤਸਵੀਰ ਨੂੰ ਫ਼ਿਲਮ ਰੋਲ ਉਤੇ ਬਣਾਉਂਦਾ ਹੈ। (**ਗਲਤ**)
2. ਸਕਰੌਲ ਬਟਨ ਦੀ ਵਰਤੋਂ ਸਕ੍ਰੀਨ ਨੂੰ ਸਰਕਾਉਣ ਲਈ ਕੀਤੀ ਜਾਂਦੀ ਹੈ।(**ਸਹੀ**)
3. ਜੁਆਇ ਸਟਿੱਕ ਦੀ ਵਰਤੋਂ ਵੀਡਿਓ ਗੇਮਜ਼ ਨੂੰ ਖੇਡਣ ਲਈ ਕੀਤੀ ਜਾਂਦੀ ਹੈ।(**ਸਹੀ**)
4. ਡਿਲੀਟ ਕੀਅ ਸਪੈਸ਼ਲ ਕੀਅ ਹੁੰਦੀ ਹੈ। (**ਸਹੀ**)
5. ਫ਼ੰਕਸ਼ਨ ਕੀਅਜ਼ F1 ਤੋਂ F12 ਤੱਕ ਹੁੰਦੀਆਂ ਹਨ। (**ਸਹੀ**)

### ਛੋਟੇ ਉਤਰਾਂ ਵਾਲੇ ਪ੍ਰਸ਼ਨ:

**1. ਇਨਪੁੱਟ ਯੰਤਰ ਕੀ ਹੁੰਦੇ ਹਨ?**

ਉ: ਇਹ ਹਾਰਡਵੇਅਰ ਯੰਤਰ ਹੁੰਦੇ ਹਨ। ਇਹਨਾਂ ਦੀ ਵਰਤੋਂ ਕੰਪਿਊਟਰ ਨੂੰ ਡਾਟਾ ਅਤੇ ਹਦਾਇਤਾਂ ਦੇਣ ਲਈ ਕੀਤੀ ਜਾਂਦੀ ਹੈ। ਆਮ ਵਰਤੇ ਜਾਣ ਵਾਲੇ ਇਨਪੁੱਟ ਯੰਤਰ ਹਨ: ਕੀਅ-ਬੋਰਡ, ਮਾਊਸ, ਮਾਈਕ, ਸਕੈਨਰ, ਵੈਬ ਕੈਮਰਾ, ਲਾਈਟ ਪੈਨ, ਜੁਆਇ ਸਟਿੱਕ ਆਦਿ।

**2. ਕੋਈ 6 ਇਨਪੁੱਟ ਯੰਤਰਾਂ ਦੇ ਨਾਂ ਲਿਖੋ।**

ਉ: ਕੁੱਝ ਆਮ ਵਰਤੇ ਜਾਣ ਵਾਲੇ ਇਨਪੁੱਟ ਯੰਤਰ ਹੇਠ ਲਿਖੇ ਅਨੁਸਾਰ ਹਨ:

- ਕੀਅ-ਬੋਰਡ
- ਮਾਊਸ
- ਮਾਈਕ
- ਸਕੈਨਰ
- ਵੈਬ ਕੈਮਰਾ
- ਲਾਈਟ ਪੈਨ
- ਜੁਆਇ ਸਟਿੱਕ

**3. ਟਰੈਕ ਬਾਲ ਤੇ ਨੋਟ ਲਿਖੋ।**



ਉ: ਟਰੈਕ ਬਾਲ ਇਕ ਇਨਪੁੱਟ ਯੰਤਰ ਹੈ। ਇਹ ਇਕ ਪੁਆਇੰਟਿੰਗ ਯੰਤਰ ਹੈ। ਇਸਦੀ ਵਰਤੋਂ ਆਮ ਤੌਰ ਤੇ ਨੋਟਬੁੱਕ ਜਾਂ ਲੈਪਟੋਪ ਵਿਚ ਮਾਊਸ ਦੀ ਤਰ੍ਹਾਂ ਕੀਤੀ ਜਾਂਦੀ ਹੈ। ਇਹ ਇਕ ਬਾਲ ਦੀ ਤਰਾਂ ਹੁੰਦੀ ਹੈ ਜੋ ਉਭੱਰੀ ਹੋਈ ਹੁੰਦੀ ਹੈ।

**4. ਐਮ.ਆਈ.ਸੀ.ਆਰ. (MICR) ਤੇ ਨੋਟ ਲਿਖੋ।**



ਉ: MICR ਦਾ ਪੂਰਾ ਨਾਂ ਮੈਗਨੇਟਿਕ ਇੰਕ ਕਰੈਕਟਰ ਰੈਕੋਗਨੀਸ਼ਨ ਹੈ। ਇਹ ਇਕ ਇਨਪੁੱਟ ਯੰਤਰ ਹੁੰਦਾ ਹੈ। ਇਸਦੀ ਵਰਤੋਂ ਆਮ ਤੌਰ ਤੇ ਬੈਂਕਾਂ ਵਿਚ ਕੀਤੀ ਜਾਂਦੀ ਹੈ। ਇਹ ਇਕ ਖਾਸ ਚੁੰਬਕੀ ਸਿਆਹੀ ਵਿਚ ਲਿਖੇ ਕੋਡਜ਼ ਨੂੰ ਪੜ੍ਹਨ ਲਈ ਵਰਤਿਆ ਜਾਂਦਾ ਹੈ।

**5. ਮਾਈਕਰੋਫੋਨ ਦੀ ਵਰਤੋਂ ਦੱਸੋ।**



ਉ: ਇਹ ਇਕ ਇਨਪੁੱਟ ਯੰਤਰ ਹੁੰਦਾ ਹੈ। ਇਸਨੂੰ ਮਾਈਕ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸਦੀ ਵਰਤੋਂ ਕੰਪਿਊਟਰ ਵਿਚ ਆਵਾਜ਼ ਰਿਕਾਰਡ ਕਰਨ ਲਈ ਕੀਤੀ ਜਾਂਦੀ ਹੈ। ਇਸ ਰਾਹੀਂ ਕੰਪਿਊਟਰ ਨੂੰ ਹਦਾਇਤਾਂ ਵੀ ਦਿੱਤੀਆਂ ਜਾ ਸਕਦੀਆਂ ਹਨ।

**6. ਟੱਚ ਪੈਡ ਕੀ ਹੈ?**



ਉ: ਟੱਚ ਪੈਡ ਇਕ ਇਨਪੁੱਟ ਯੰਤਰ ਹੁੰਦਾ ਹੈ। ਇਹ ਇਕ ਪੁਆਇੰਟਿੰਗ ਯੰਤਰ ਹੈ। ਇਹ ਲੈਪਟੋਪ ਵਿਚ ਮਾਊਸ ਦੀ ਥਾਂ ਤੇ ਵਰਤੇ ਜਾਂਦੇ ਹਨ। ਇਸ ਉਪਰ ਵੀ ਦੋ ਬਟਨ ਲੱਗੇ ਹੁੰਦੇ ਹਨ: ਸੱਜਾ ਬਟਨ ਅਤੇ ਖੱਬਾ ਬਟਨ। ਮਾਊਸ ਦਾ ਕਰਸਰ ਘੁਮਾਉਂਣ ਲਈ ਇਸ ਉਪਰ ਉਂਗਲ ਨੂੰ ਘੁਮਾਇਆ ਜਾਂਦਾ ਹੈ।

**7. ਵੈਬ ਕੈਮਰੇ ਦੀ ਵਰਤੋਂ ਦੱਸੋ।**



ਉ: ਵੈਬ ਕੈਮਰਾ ਇਕ ਇਨਪੁੱਟ ਯੰਤਰ ਹੈ। ਇਹ ਆਮ ਕੈਮਰੇ ਵਰਗਾ ਹੀ ਹੁੰਦਾ ਹੈ। ਇਸਦੀ ਵਰਤੋਂ ਕੰਪਿਊਟਰ ਵਿਚ ਤਸਵੀਰਾਂ ਅਤੇ ਛੋਟੀਆਂ ਵੀਡੀਓ ਕਲਿੱਪਾਂ ਕੈਪਚਰ ਕਰਨ ਲਈ ਕੀਤੀ ਜਾਂਦੀ ਹੈ। ਇਸ ਦੁਆਰਾ ਕੈਪਚਰ ਕੀਤੀ ਤਸਵੀਰ ਸਿੱਧੀ ਕੰਪਿਊਟਰ ਦੀ ਮੈਮਰੀ ਵਿਚ ਸਟੋਰ ਹੋ ਜਾਂਦੀ ਹੈ।

**8. ਸਕੈਨਰ ਦੀ ਵਰਤੋਂ ਕਿੱਥੇ ਕੀਤੀ ਜਾਂਦੀ ਹੈ?**




ਉ: ਸਕੈਨਰ ਇਕ ਇਨਪੁੱਟ ਯੰਤਰ ਹੈ। ਇਸਦੀ ਵਰਤੋਂ ਟੈਕਸਟ ਅਤੇ ਤਸਵੀਰਾਂ ਨੂੰ ਕੰਪਿਊਟਰ ਵਿਚ ਸਕੈਨ ਕਰਕੇ ਸਟੋਰ ਕਰਨ ਲਈ ਕੀਤੀ ਜਾਂਦੀ ਹੈ। ਇਹ ਫੋਟੋਸਟੇਟ ਮਸ਼ੀਨ ਦੀ ਤਰ੍ਹਾਂ ਕੰਮ ਕਰਦਾ ਹੈ। ਸਕੈਨਰ ਸਕੈਨ ਕੀਤੀ ਤਸਵੀਰ ਨੂੰ ਕੰਪਿਊਟਰ ਮੈਮਰੀ ਵਿਚ ਸਟੋਰ ਕਰ ਦਿੰਦਾ ਹੈ।

## ਵੱਡੇ ਉਤਰਾਂ ਵਾਲੇ ਪ੍ਰਸ਼ਨ:

**1. ਕੀਅ-ਬੋਰਡ ਅਤੇ ਇਸ ਦੀਆਂ ਕੀਅਜ਼ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਓ।**

ਉ: ਇਹ ਇਕ ਆਮ ਵਰਤਿਆ ਜਾਣ ਵਾਲਾ ਇਨਪੁੱਟ ਯੰਤਰ ਹੈ। ਇਹ ਇਕ ਟੈਕਸਟ ਇਨਪੁੱਟ ਯੰਤਰ ਹੈ। ਇਸ ਨਾਲ ਅਸੀਂ ਕੰਪਿਊਟਰ ਵਿਚ ਡਾਟਾ ਭਰ ਸਕਦੇ ਹਾਂ। ਇਸ ਉਪਰ ਬਹੁਤ ਸਾਰੇ ਬਟਨ ਲੱਗੇ ਹੁੰਦੇ ਹਨ, ਜਿਨ੍ਹਾਂ ਨੂੰ ਕੀਅਣ ਕਿਹਾ ਜਾਂਦਾ ਹੈ। ਆਮ ਵਰਤੋਂ ਵਾਲੇ ਕੀਅ-ਬੋਰਡ ਉਪਰ 104 ਕੀਅਜ਼ ਲੱਗੀਆਂ ਹੁੰਦੀਆਂ ਹਨ। ਇਹ ਕੀਅਜ਼ ਹੇਠ ਲਿਖੀਆਂ 5 ਕਿਸਮਾਂ ਦੀਆਂ ਹੁੰਦੀਆਂ ਹਨ:




1. ਅਲਫਾਬੈਟ ਕੀਅਜ਼ (Alphabet Keys): A ਤੋਂ Z ਤੱਕ
2. ਨੁਮੈਰਿਕ ਕੀਅਜ਼ (Numeric Keys): 0-9 ਨੰਬਰਾਂ ਤੱਕ
3. ਫੰਕਸ਼ਨ ਕੀਅਜ਼ (Function Keys): F1 ਤੋਂ F12 ਤੱਕ
4. ਸਪੈਸ਼ਲ ਕੀਅਜ਼ (Special Keys): ਡਿਲੀਟ, ਬੈਕਸਪੇਸ, ਐਂਟਰ, ਸਪੇਸ ਬਾਰ, ਕੰਟਰੋਲ, ਆਲਟ ਕੀਅਜ਼ ਆਦਿ।
5. ਐਰੋ ਕੀਅਜ਼ (Arrow Keys): ਇਹਨਾਂ ਦੀ ਗਿਣਤੀ 4 ਹੁੰਦੀ ਹੈ।

**2. ਬਾਰ ਕੋਡ ਰੀਡਰ ਉਤੇ ਨੋਟ ਲਿਖੋ।**



ਉ: ਇਹ ਇਕ ਇਨਪੁੱਟ ਯੰਤਰ ਹੈ। ਇਸਦੀ ਵਰਤੋਂ ਬਾਰ ਕੋਡ ਨੂੰ ਪੜ੍ਹਨ ਲਈ ਕੀਤੀ ਜਾਂਦੀ ਹੈ। ਇਸ ਵਿਚ ਇਕ ਲੈਨਜ਼ ਅਤੇ ਲਾਈਟ ਸੈਂਸਰ ਲੱਗਿਆ ਹੁੰਦਾ ਹੈ। ਇਹ ਆਪਟੀਕਲ ਤਰੰਗਾਂ ਨੂੰ ਇਲੈਕਟ੍ਰੀਕਲ ਤਰੰਗਾਂ ਵਿਚ ਤਬਦੀਲ ਕਰਦਾ ਹੈ। ਇਹਨਾਂ ਦੀ ਵਰਤੋਂ ਵੱਡੇ ਵੱਡੇ ਸਟੋਰਾਂ ਵਿਚ ਵਸਤੂ ਦੀ ਕੀਮਤ ਪਤਾ ਕਰਨ ਲਈ ਕੀਤੀ ਜਾਂਦੀ ਹੈ।

**3. ਮਾਊਸ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਤਾਰ ਵਿਚ ਦੱਸੋ।**

ਉ: ਮਾਊਸ ਇਕ ਮਹੱਤਵਪੂਰਨ ਇਨਪੁੱਟ ਯੰਤਰ ਹੈ। ਇਹ ਇਕ ਪੁਆਇੰਟਿੰਗ ਯੰਤਰ ਹੈ। ਇਸਦੀ ਵਰਤੋਂ ਸਕ੍ਰੀਨ ਉਪਰ ਨਜ਼ਰ ਆਉਣ ਵਾਲੇ ਕਰਸਰ (ਤੀਰ) ਨੂੰ ਕੰਟਰੋਲ ਕਰਨ ਲਈ ਕੀਤੀ ਜਾਂਦੀ ਹੈ। ਕਰਸਰ ਨੂੰ ਕੰਟਰੋਲ ਕਰਨ ਲਈ ਇਸਨੂੰ ਪੱਧਰੇ ਤੱਲ ਉਪਰ ਘੁਮਾਇਆ ਜਾਂਦਾ ਹੈ। ਆਮ ਤੌਰ ਤੇ ਇਸ ਉਪਰ ਹੇਠ ਲਿਖੇ ਤਿੰਨ ਬਟਨ ਲੱਗੇ ਹੁੰਦੇ ਹਨ:



1. **ਖੱਬਾ ਬਟਨ**: ਇਸ ਬਟਨ ਦੀ ਵਰਤੋਂ ਕਿਸੇ ਚੀਜ਼ ਨੂੰ ਸਲੈਕਟ ਕਰਨ ਲਈ ਜਾਂ ਫਾਈਲ ਜਾਂ ਫੋਲਡਰ ਨੂੰ ਖੋਲਣ ਲਈ ਕੀਤੀ ਜਾਂਦੀ ਹੈ।
2. **ਸੱਜਾ ਬਟਨ**: ਇਸਦੀ ਵਰਤੋਂ ਸ਼ਾਰਟਕੱਟ ਮੀਨੂੰ ਖੋਲਣ ਲਈ ਕੀਤੀ ਜਾਂਦੀ ਹੈ।
3. **ਸਕਰੌਲ ਬਟਨ**: ਇਸਦੀ ਵਰਤੋਂ ਪੇਜ਼ ਨੂੰ ਉਪਰ ਨਿੱਚੇ ਸਕਰੋਲ ਕਰਨ ਲਈ ਕੀਤੀ ਜਾਂਦੀ ਹੈ।

## ਪਾਠ-8 (ਆਉਟਪੁੱਟ ਯੰਤਰ)

### ਖਾਲੀ ਥਾਵਾਂ ਭਰੋ।

1. ਮੋਨੀਟਰ ਸਾਫਟ ਅਤੇ ________________ ਹਾਰਡ ਆਉਟਪੁੱਟ ਯੰਤਰ ਹੈ।(**ਪ੍ਰਿੰਟਰ**)
2. ________ ਦੀ ਵਰਤੋਂ ਕੰਪਿਊਟਰ ਤੋਂ ਗਾਣੇ ਸੁਣਨ ਲਈ ਕੀਤੀ ਜਾਂਦੀ ਹੈ।(**ਸਪੀਕਰ**)
3. _______ ਪ੍ਰਿੰਟਰ ਕਿਸੇ ਚੀਜ਼ ਨੂੰ ਬਿੰਦੀਆਂ ਦੇ ਮੇਲ ਨਾਲ ਛਾਪਦੇ ਹਨ।(**DMP -ਡਾਟ ਮੈਟ੍ਰੀਕਸ ਪ੍ਰਿੰਟਰ**)
4. ਮੋਨੀਟਰ _______ ਤਰ੍ਹਾਂ ਦੇ ਹੁੰਦੇ ਹਨ। (**ਦੋ**)
5. ____________ ਆਉਟਪੁੱਟ ਨੂੰ ਕਾਗਜ਼ ਉੱਤੇ ਛਾਪਦੇ ਹਨ।(**ਪ੍ਰਿੰਟਰ**)
6. ਹੈਡਫੋਨ ਨੂੰ ________________ ਵੀ ਕਿਹਾ ਜਾਂਦਾ ਹੈ।

### ਸਹੀ ਜਾਂ ਗਲਤ ਲਿਖੋ।

1. ਆਊਟਪੁੱਟ ਯੰਤਰ ਕੰਪਿਊਟਰ ਤੋਂ ਸੂਚਨਾ ਪ੍ਰਾਪਤ ਕਰਦੇ ਹਨ।(**ਸਹੀ**)
2. ਅਸੀਂ ਕੰਪਿਊਟਰ ਤੋਂ ਗਾਣੇ ਨਹੀਂ ਸੁਣ ਸਕਦੇ । (**ਗਲਤ**)
3. ਪ੍ਰਿੰਟਰ ਇਕ ਸਾਫਟ ਆਉਟਪੁਟ ਯੰਤਰ ਹੈ।(**ਗਲਤ**)
4. ਪ੍ਰਿੰਟਰ ਅਤੇ ਪਲੋਟਰ ਵਿਚ ਕੋਈ ਫਰਕ ਨਹੀਂ ਹੁੰਦਾ।(**ਗਲਤ**)
5. ਅੱਜ ਕੱਲ ਬਲੈਕ ਐਂਡ ਵਾਈਟ ਮੋਨੀਟਰ ਵਰਤੇ ਜਾਂਦੇ ਹਨ।(**ਗਲਤ**)

## ਛੋਟੇ ਉਤਰਾਂ ਵਾਲੇ ਪ੍ਰਸ਼ਨ:

**1. ਆਉਟਪੁੱਟ ਯੰਤਰਾਂ ਦੀਆਂ ਕਿਸਮਾਂ ਦੇ ਨਾਂ ਲਿਖੋ।**

ਉ: ਆਊਟਪੁੱਟ ਯੰਤਰ ਦੋ ਕਿਸਮਾਂ ਦੇ ਹੁੰਦੇ ਹਨ:

1. **ਸਾਫਟ ਕਾਪੀ ਆਊਟਪੁੱਟ ਯੰਤਰ**: ਉਦਾਹਰਣ ਲਈ: ਮੋਨੀਟਰ, ਸਪੀਕਰ, ਪ੍ਰੋਜੈਕਟਰ, ਹੈਡਫੋਨ ਆਦਿ।
2. **ਹਾਰਡ ਕਾਪੀ ਆਊਟਪੁੱਟ ਯੰਤਰ**: ਉਦਾਹਰਣ ਲਈ: ਪ੍ਰਿੰਟਰ, ਪਲੋਟਰ ਆਦਿ।

**2. ਮੋਨੀਟਰ ਦੀਆਂ ਕਿਸਮਾਂ ਦੇ ਨਾਂ ਲਿਖੋ।**

ਉ: ਮੋਨੀਟਰ ਇਕ ਸਾਫਟਕਾਪੀ ਆਊਟਪੁੱਟ ਯੰਤਰ ਹੈ। ਇਹ ਹੇਠ ਲਿਖੀਆਂ ਦੋ ਕਿਸਮਾਂ ਦੇ ਹੁੰਦੇ ਹਨ:

- ਕੈਥੌਡ ਰੇਅ ਟਿਊਬ (CRT) ਮੋਨੀਟਰ
- ਫਲੈਟ ਪੈਨਲ ਡਿਸਪਲੇਅ ਮੋਨੀਟਰ

**3. ਪ੍ਰੋਜੈਕਟਰ ਦੀ ਵਰਤੋਂ ਕਿਥੋਂ ਕੀਤੀ ਜਾਂਦੀ ਹੈ?**



ਉ: ਪ੍ਰੋਜੈਕਟਰ ਇਕ ਸਾਫਟਕਾਪੀ ਆਊਟਪੁੱਟ ਯੰਤਰ ਹੈ। ਇਸਦੀ ਵਰਤੋਂ ਮੀਟਿੰਗਾਂ ਵਿਚ ਮਲਟੀਮੀਡੀਆ ਪ੍ਰੈਜ਼ਨਟੇਸ਼ਨਾਂ ਦੇਣ ਲਈ ਕੀਤੀ ਜਾਂਦੀ ਹੈ।

**4. ਪ੍ਰਿੰਟਰ ਦੀਆਂ ਕਿਸਮਾਂ ਦੇ ਨਾਂ ਲਿਖੋ।**

ਉ: ਪ੍ਰਿੰਟਰ ਇਕ ਹਾਰਡਕਾਪੀ ਆਊਟਪੁੱਟ ਯੰਤਰ ਹੈ। ਇਹ ਹੇਠ ਲਿਖੇ ਤਿੰਨ੍ਹ ਕਿਸਮਾਂ ਦੇ ਹੁੰਦੇ ਹਨ:

- ਡਾਟ ਮੈਟ੍ਰਿਕਸ ਪ੍ਰਿੰਟਰ
- ਇੰਕਜੈਟ ਪ੍ਰਿੰਟਰ
- ਲੇਜ਼ਰ ਪ੍ਰਿੰਟਰ

**5. ਪਲੋਟਰ ਤੇ ਨੋਟ ਲਿਖੋ।**



ਉ: ਪਲੋਟਰ ਇਕ ਹਾਰਡਕਾਪੀ ਆਊਟਪੁੱਟ ਯੰਤਰ ਹੈ। ਇਹ ਕੰਪਿਊਟਰ ਤੋਂ ਮਿਲੀ ਕਮਾਂਡ ਦੇ ਆਧਾਰ ਤੇ ਕਾਗਜ਼ ਤੇ ਤਸਵੀਰ ਬਣਾਉਂਦਾ ਹੈ।ਇਹ ਪ੍ਰਿੰਟਰ ਨਾਲੋਂ ਵੱਖਰੇ ਅਤੇ ਮਹਿੰਗੇ ਹੁੰਦੇ ਹਨ। ਇਹਨਾਂ ਦੀ ਵਰਤੋਂ ਇੰਜਨੀਅਰਿੰਗ ਅਤੇ CAD ਐਪਲੀਕੇਸ਼ਨਾਂ ਵਿਚ ਕੀਤੀ ਜਾਂਦੀ ਹੈ।

## ਵੱਡੇ ਉਤਰਾਂ ਵਾਲੇ ਪ੍ਰਸ਼ਨ:

**1. ਮੋਨੀਟਰ ਅਤੇ ਇਸ ਦੀਆਂ ਕਿਸਮਾਂ ਵਾਰੇ ਲਿਖੋ।**

ਉ: ਮੋਨੀਟਰ ਇਕ ਆਮ ਵਰਤਿਆ ਜਾਣ ਵਾਲਾ ਸਾਫਟਕਾਪੀ ਆਊਟਪੁੱਟ ਯੰਤਰ ਹੈ। ਇਹ ਆਊਟਪੁੱਟ ਨੂੰ ਸਕ੍ਰੀਨ ਉਪਰ ਦਰਸ਼ਾਉਂਦਾ ਹੈ।ਇਸਦੀ ਆਊਟਪੁੱਟ ਅਸਥਾਈ ਰੂਪ ਵਿਚ ਹੁੰਦੀ ਹੈ ਜੋ ਕੰਪਿਊਟਰ ਬੰਦ ਹੋਣ ਤੋਂ ਬਾਅਦ ਖਤਮ ਹੋ ਜਾਂਦੀ ਹੈ।ਮੋਨੀਟਰ ਦੋ ਕਿਸਮਾਂ ਦੇ ਹੁੰਦੇ ਹਨ:



1. **ਕੈਥੌਡ ਰੇਅ ਟਿਊਬ (CRT) ਮੋਨੀਟਰ**: ਇਹ ਟੈਲੀਵੀਜ਼ਨ ਦੀ ਤਰ੍ਹਾਂ ਦਿਖਦੇ ਹਨ। ਇਹਨਾਂ ਵਿਚ ਕੈਥੌਡ ਰੇਅ ਟਿਊਬ ਦਾ ਇਸਤੇਮਾਲ ਹੁੰਦਾ ਹੈ। ਇਹਨਾਂ ਵਿਚ ਬਿਜਲੀ ਦੀ ਖਪਤ ਜ਼ਿਆਦਾ ਹੁੰਦੀ ਹੈ ਅਤੇ ਇਹ ਜ਼ਿਆਦਾ ਗਰਮੀ ਪੈਦਾ ਕਰਦੇ ਹਨ।



2. **ਫਲੈਟ ਪੈਨਲ ਡਿਸਪਲੇਅ ਮੋਨੀਟਰ**: ਇਹ CRT ਦੇ ਮੁਕਾਬਲੇ ਘੱਟ ਭਾਰੀ ਹੁੰਦੇ ਹਨ। ਇਹਨਾਂ ਨੂੰ ਦੀਵਾਰ ਤੇ ਵੀ ਲਗਾਇਆ ਜਾ ਸਕਦਾ ਹੈ। ਇਹਨਾਂ ਵਿਚ ਬਿਜਲੀ ਦੀ ਖਪਤ ਘੱਟ ਹੁੰਦੀ ਹੈ। LCD, LED, ਪਲਾਜ਼ਮਾ ਆਦਿ ਇਹਨਾਂ ਦੀਆਂ ਕੁੱਝ ਉਦਾਹਰਣਾ ਹਨ।

**2. ਪ੍ਰਿੰਟਰ ਕੀ ਹੁੰਦਾ ਹੈ? ਤਿੰਨ੍ਹ ਤਰ੍ਹਾਂ ਦੇ ਵੱਖ-ਵੱਖ ਪ੍ਰਿੰਟਰਾਂ ਬਾਰੇ ਦਸੋ।**

ਉ: ਪ੍ਰਿੰਟਰ ਇਕ ਹਾਰਡਕਾਪੀ ਆਊਟਪੁੱਟ ਯੰਤਰ ਹੈ। ਇਹ ਆਊਟਪੁੱਟ ਨੂੰ ਕਾਗਜ਼ ਉਪਰ ਛਾਪਦਾ ਹੈ। ਇਸਦੀ ਆਊਟਪੁੱਟ ਸਥਾਈ ਰੂਪ ਵਿਚ ਹੁੰਦੀ ਹੈ ਜੋ ਕੰਪਿਊਟਰ ਬੰਦ ਹੋਣ ਤੋਂ ਬਾਅਦ ਵੀ ਰਹਿੰਦੀ ਹੈ। ਪ੍ਰਿੰਟਰ ਹੇਠ ਲਿਖੀਆਂ ਤਿੰਨ੍ਹ ਕਿਸਮਾਂ ਦੇ ਹੁੰਦੇ ਹਨ:



- **ਡਾਟ ਮੈਟ੍ਰਿਕਸ ਪ੍ਰਿੰਟਰ (DMP)**: ਇਹ ਬਿੰਦੀਆਂ ਦੇ ਮੇਲ ਨਾਲ ਕਾਗਜ਼ ਉਪਰ ਪ੍ਰਿੰਟ ਕਰਦੇ ਹਨ। ਇਹ ਸਸਤੇ ਅਤੇ ਹੌਲੀ ਹੁੰਦੇ ਹਨ। ਇਹ ਪ੍ਰਿੰਟ ਕਰਦੇ ਹੋਏ ਆਵਾਜ਼ ਕਰਦੇ ਹਨ। ਇਹਨਾਂ ਦੀ ਪ੍ਰਿੰਟ ਗੁਣਵੱਤਾ ਵਧੀਆ ਨਹੀਂ ਹੁੰਦੀ।



- **ਇੰਕਜੈਟ ਪ੍ਰਿੰਟਰ**: ਇਹ ਸਿਆਹੀ ਦੀਆਂ ਬੂੰਦਾਂ ਨਾਲ ਛਿੜਕਾਅ ਕਰਦੇ ਹੋਏ ਪ੍ਰਿੰਟ ਕਰਦੇ ਹਨ। ਇਹ DMP ਨਾਲੋਂ ਮਹਿੰਗੇ ਅਤੇ ਤੇਜ਼ ਹੁੰਦੇ ਹਨ। ਇਹ ਪ੍ਰਿੰਟ ਕਰਦੇ ਸਮੇਂ ਆਵਾਜ਼ ਨਹੀਂ ਕਰਦੇ।ਇਹਨਾਂ ਦੀ ਪ੍ਰਿੰਟ ਗੁਣਵੱਤਾ ਵਧੀਆ ਹੁੰਦੀ ਹੈ।





- **ਲੇਜ਼ਰ ਪ੍ਰਿੰਟਰ**: ਇਹ ਲੇਜ਼ਰ ਬੀਮ ਦੀ ਵਰਤੋਂ ਨਾਲ ਪ੍ਰਿੰਟ ਕਰਦੇ ਹਨ। ਇਹ ਇੰਕਜੈਟ ਨਾਲੋਂ ਮਹਿੰਗੇ ਅਤੇ ਤੇਜ਼ ਹੁੰਦੇ ਹਨ। ਇਹ ਪ੍ਰਿੰਟ ਕਰਦੇ ਸਮੇਂ ਆਵਾਜ਼ ਨਹੀਂ ਕਰਦੇ।ਇਹਨਾਂ ਦੀ ਪ੍ਰਿੰਟ ਗੁਣਵੱਤਾ ਕਾਫੀ ਵਧੀਆ ਹੁੰਦੀ ਹੈ।


**3. CRT ਅਤੇ ਫਲੈਟ ਪੈਨਲ ਡਿਸਪਲੇ ਵਿਚ ਅੰਤਰ ਦਸੋ।**

ਉ: CRT ਅਤੇ ਫਲੈਟ ਪੈਨਲ ਡਿਸਪਲੇ ਵਿਚ ਅੰਤਰ ਹੇਠ ਲਿਖੇ ਅਨੁਸਾਰ ਹੈ।

| CRT | ਫਲੈਟ ਪੈਨਲ ਡਿਸਪਲੇਅ |
|---|---|
| 1. ਇਹ ਆਕਾਰ ਵਿਚ ਛੋਟੇ ਹੁੰਦੇ ਹਨ। | 1. ਇਹ ਆਕਾਰ ਵਿਚ ਵੱਡੇ ਹੁੰਦੇ ਹਨ। |
| 2. ਇਹਨਾਂ ਵਿਚ ਬਿਜਲੀ ਦੀ ਖਪਤ ਜਿਆਦਾ ਹੁੰਦੀ ਹੈ। | 2. ਇਹਨਾਂ ਵਿਚ ਬਿਜਲੀ ਦੀ ਖਪਤ ਘੱਟ ਹੁੰਦੀ ਹੈ। |
| 3. ਇਹ ਜਿਆਦਾ ਗਰਮੀ ਪੈਦਾ ਕਰਦੇ ਹਨ। | 3. ਇਹ ਘੱਟ ਗਰਮੀ ਪੈਦਾ ਕਰਦੇ ਹਨ। |
| 4. ਇਹਨਾਂ ਦੀ ਮੋਟਾਈ ਜਿਆਦਾ ਹੁੰਦੀ ਹੈ। | 4. ਇਹਨਾਂ ਦੀ ਮੋਟਾਈ ਘੱਟ ਹੁੰਦੀ ਹੈ। |
| 5. ਇਹਨਾਂ ਨੂੰ ਦੀਵਾਰ ਤੇ ਨਹੀਂ ਲਗਾਇਆ ਜਾ ਸਕਦਾ। | 5. ਇਹਨਾਂ ਨੂੰ ਦੀਵਾਰ ਤੇ ਲਗਾਇਆ ਜਾ ਸਕਦਾ ਹੈ। |
| 6. ਇਹਨਾਂ ਵਿਚ ਕੈਥੌਡ ਰੇਅ ਟਿਊਬ ਦੀ ਵਰਤੋਂ ਕੀਤੀ ਜਾਂਦੀ ਹੈ। | 6. ਇਹਨਾਂ ਵਿਚ Diode, Liquid Crystal ਅਤੇ ਗੈਸਾਂ ਦੀ ਵਰਤੋਂ ਕੀਤੀ ਜਾਂਦੀ ਹੈ। |

| ਯੰਤਰ | ਯੰਤਰ ਦਾ ਨਾਂ | ਇਨਪੁੱਟ/ਆਊਟਪੁੱਟ | ਇਸਦੀ ਵਰਤੋਂ ਅਤੇ ਕੰਮ ਲਿਖੋ। |
|---|---|---|---|
|  | | | |
|  | | | |
|  | | | |
|  | | | |
|  | | | |
|  | | | |
|  | | | |
|  | | | |
|  | | | |
|  | | | |
|  | | | |
|  | | | |
|  | | | |
|  | | | |
|  | | | |
|  | | | |
|  | | | |
|  | | | |

## ਪਾਠ – 9 (ਐਮ.ਐਸ. ਵਰਡ ਨਾਲ ਜਾਣ-ਪਛਾਣ)




### ਖਾਲੀ ਥਾਵਾਂ ਭਰੋ।

1. Ctrl+S _______________ ਕਰਨ ਲਈ ਵਰਤਿਆ ਜਾਂਦਾ ਹੈ। (**Save**)
2. ਰੂਲਰ ਦੇ ਹੇਠਲੇ ਪਾਸੇ ਵਾਲੀ ਵੱਡੀ ਥਾਂ ਨੂੰ _________________ ਕਿਹਾ ਜਾਂਦਾ ਹੈ।
3. ਵਰਡ ਡਾਕੂਮੈਂਟ ਵਿਚ ਦੋ ਸਕਰੋਲ ਬਾਰ ਹੁੰਦੇ ਹਨ: ____________ ਅਤੇ ______________ (**ਹੌਰੀਜੋਂਟਲ ਅਤੇ ਵਰਟੀਕਲ**)
4. ਨਵੀਂ ਡਾਕੂਮੈਂਟ ਫਾਈਲ ਖੋਲਣ ਲਈ ਕੀਅ ਬੋਰਡ ਤੋਂ __________ ਕੀਅਜ਼ ਦਬਾਈਆਂ ਜਾਂਦੀਆਂ ਹਨ। (**Ctrl+N**)
5. ________ ਵਿਊ ਡਾਕੂਮੈਂਟ ਨੂੰ ਉਸ ਤਰ੍ਹਾਂ ਦਿਖਾਉਂਦਾ ਹੈ, ਜਿਵੇਂ ਕਿ ਡਾਕੂਮੈਂਟ ਪ੍ਰਿੰਟ ਕਰਨ ਸਮੇਂ ਨਜ਼ਰ ਆਉਂਦਾ ਹੈ। (**ਪ੍ਰਿੰਟ ਪ੍ਰੀਵਿਊ**)

### ਸਹੀ ਜਾਂ ਗਲਤ ਲਿਖੋ।

1. ਡਾਇਲਾਗ ਬਾਕਸ ਲਾਂਚਰ ਹਰ ਇਕ ਗਰੁੱਪ ਦੇ ਹੇਠਲੇ ਪਾਸੇ ਨਜ਼ਰ ਆਉਂਦਾ ਹੈ। (**ਸਹੀ**)
2. ਨੋਟ ਪੈਡ ਇਕ ਸਾਧਾਰਨ ਟੈਕਸਟ ਐਡੀਟਰ ਹੈ ਜਿਸ ਨਾਲ ਅਸੀਂ ਸਾਧਾਰਨ ਟੈਕਸਟ ਡਾਕੂਮੈਂਟ ਤਿਆਰ ਕਰ ਸਕਦੇ ਹਾਂ।(**ਸਹੀ**)
3. ਟਾਈਟਲ ਬਾਰ ਵਰਡ ਦੀ ਵਿੰਡੋ ਦੀ ਸਭ ਤੋਂ ਹੇਠਲੀ ਬਾਰ ਹੁੰਦੀ ਹੈ।(**ਸਹੀ**)
4. ਆਊਟ ਲਾਈਨ ਵਿਊ ਡਾਕੂਮੈਂਟ ਨੂੰ ਆਊਟ ਲਾਈਨ ਫਾਰਮ ਵਿਚ ਦਿਖਾਉਂਦਾ ਹੈ। (**ਸਹੀ**)

### ਛੋਟੇ ਉਤਰਾਂ ਵਾਲੇ ਪ੍ਰਸ਼ਨ:

**1. ਨੋਟ ਪੈਡ ਨੂੰ ਕਿਵੇਂ ਸ਼ੁਰੂ ਕੀਤਾ ਜਾਂਦਾ ਹੈ?**

**ਉ:** ਨੋਟਪੈਡ ਸ਼ੁਰੂ ਕਰਨ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:

Start -> All Programs -> Accessories -> Notepad

**2. ਵਰਡ ਪੈਡ ਵਿੰਡੋ ਦੇ ਭਾਗਾਂ ਦੀ ਸੂਚੀ ਬਣਾਓ।**

ਉ: ਵਰਡਪੈਡ ਵਿੰਡੋ ਦੇ ਭਾਗ ਹੇਠ ਲਿਖੇ ਅਨੁਸਾਰ ਹਨ:

- ਵਰਡਪੈਡ ਬਟਨ
- ਕਇੱਕ ਐਕਸੈਸ ਟੈਲਬਾਰ
- ਟੈਬਜ਼
- ਟਾਈਟਲ ਬਾਰ
- ਰਿਬਨ
- ਰੂਲਰ
- ਟੈਕਸਟ ਏਰੀਆ
- ਸਟੇਟਸ ਬਾਰ

**3. ਡਾਇਲਾਗ ਬਾਕਸ ਲਾਂਚਰ ਨੂੰ ਬਿਆਨ ਕਰੋ।**

ਉ: ਇਹ ਆਪਸ਼ਨ ਰਿਬਨ ਵਿਚ ਹਰੇਕ ਗਰੁੱਪ ਦੇ ਹੇਠਲੇ ਸੱਜੇ ਕੋਨੇ ਵਿਚ ਮੌਜੂਦ ਹੁੰਦਾ ਹੈ। ਇਸ ਆਪਸ਼ਨ ਤੇ ਕਲਿੱਕ ਕਰਨ ਨਾਲ ਉਸ ਗਰੁੱਪ ਨਾਲ ਸੰਬੰਧਤ ਕਮਾਂਡਾਂ ਦਾ ਡਾਇਲਾਗ ਬਾਕਸ ਖੁਲੱਦਾ ਹੈ।

**4. ਟੈਕਸਟ ਏਰੀਆ ਨੂੰ ਬਿਆਨ ਕਰੋ।**

ਉ: ਐਮ.ਐਸ. ਵਰਡ ਵਿਚ ਰੂਲਰ ਦੇ ਹੇਠਲੇ ਪਾਸੇ ਵੱਡੇ ਖੇਤਰ ਨੂੰ ਟੈਕਸਟ ਏਰੀਆ ਕਹਿੰਦੇ ਹਨ। ਅਸੀਂ ਆਪਣ ਡਾਕੂਮੈਂਟ ਇਸ ਸੈਕਸਟ ਏਰੀਆ ਵਿਚ ਟਾਈਪ ਕਰਦੇ ਹਾਂ। ਇਸ ਵਿਚ ਇਕ ਟਿਮਟਿਮਾਉਂਦੀ ਡੰਡੀ ਹੁੰਦੀ ਹੈ, ਜਿਸਨੂੰ ਕਰਸਰ ਕਿਹਾ ਜਾਂਦਾ ਹੈ। ਇਹ ਉਸ ਪੁਆਇੰਟ ਨੂੰ ਦਰਸ਼ਾਉਂਦੀ ਹੈ ਜਿੱਥੇ ਅਸੀਂ ਟੈਕਸਟ ਟਾਈਪ ਕਰਨਾ ਹੁੰਦਾ ਹੈ।

**5. ਸਟੇਟਸ ਬਾਰ ਕੀ ਹੁੰਦੀ ਹੈ?**

ਉ: ਐਮ.ਐਸ. ਵਰਡ ਵਿੰਡੋ ਵਿਚ ਸਟੇਟਸ ਬਾਰ ਹੇਠਲੇ ਪਾਸੇ ਮੌਜੂਦ ਹੁੰਦੀ ਹੈ। ਇਹ ਬਾਰ ਵਰਡ ਡਾਕੂਮੈਂਟ ਬਾਰੇ ਮਹੱਤਵਪੂਰਨ ਸੂਚਨਾ ਪ੍ਰਦਾਨ ਕਰਦੀ ਹੈ। ਜਿਵੇਂ ਕਿ: ਪੇਜ਼ ਨੰਬਰ, ਸ਼ਬਦਾਂ ਦੀ ਗਿਣਤੀ ਆਦਿ। ਇਸ ਤੋਂ ਇਲਾਵਾ ਡਾਕੂਮੈਂਟ ਵਿਊਜ਼ ਅਤੇ ਜੂਮ ਇਨ/ਆਊਟ ਨਾਲ ਸੰਬੰਧਤ ਸੂਚਨਾ ਵੀ ਇਸ ਬਾਰ ਉਪਰ ਉਪਲਬਧ ਹੁੰਦੀ ਹੈ।

## ਵੱਡੇ ਉਤਰਾਂ ਵਾਲੇ ਪ੍ਰਸ਼ਨ:

**1. ਐਮ.ਐਸ. ਵਰਡ ਦੀਆਂ ਖਾਸ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।**

ਉ: ਐਮ.ਐਸ. ਵਰਡ ਦੀਆਂ ਖਾਸ ਵਿਸ਼ੇਸ਼ਤਾਵਾਂ ਦਾ ਵਰਨਣ ਇਸ ਪ੍ਰਕਾਰ ਹੈ:

1. ਇਸ ਵਿਚ ਲਿਖੇ ਟੈਕਸਟ ਵਿਚ ਬਦਲਾਵ ਕਰਨਾ ਆਸਾਨ ਹੁੰਦਾ ਹੈ।
2. ਇਸ ਵਿਚ ਅਸੀਂ ਆਪਣੀ ਜਰੂਰ ਅਨੁਸਾਰ ਪੇਜ਼ ਦਾ ਸਾਈਜ਼ ਅਤੇ ਮਾਰਜਨ ਆਦਿ ਸੈਟ ਕਰ ਸਕਦੇ ਹਾਂ।
3. ਇਸ ਵਿਚੋਂ ਕਿਸੇ ਸ਼ਬਦ ਨੂੰ ਆਸਾਨੀ ਨਾਲ ਲੱਭਿਆ ਜਾ ਸਕਦਾ ਹੈ।
4. ਇਸ ਵਿਚ ਅਸੀਂ ਹਰ ਪੇਜ਼ ਉਪਰ ਆਸਾਨੀ ਨਾਲ ਹੈਡਰ ਅਤੇ ਫੁੱਟਰ ਲਗਾ ਸਕਦਾ ਹਾਂ।
5. ਇਹ ਸਾਨੂੰ ਸਪੈਲਿੰਗ ਅਤੇ ਗਰਾਮਰ ਚੈੱਕ ਕਰਨ ਦੀ ਸੁਵਿਧਾ ਵੀ ਪ੍ਰਦਾਨ ਕਰਦਾ ਹੈ।
6. ਇਸ ਵਿਚ ਵੱਖ-ਵੱਖ ਡਿਜ਼ਾਈਨਾਂ ਦੇ ਫੌਂਟ ਅਤੇ ਭਾਸ਼ਾਵਾਂ ਵਿਚ ਟਾਈਪ ਕਰ ਸਕਦੇ ਹਾਂ।
7. ਇਸ ਵਿਚ ਮੇਲ ਮਰਜ਼ ਆਪਸ਼ਨ ਨਾਲ ਵੱਖ-ਵੱਖ ਪਤਿਆਂ ਉਪਰ ਭੇਜਣ ਵਲੋ ਡਾਕੂਮੈਂਟ ਆਸਾਨੀ ਨਾਲ ਤਿਆਰ ਕਰ ਸਕਦੇ ਜਾਂ।

**2. ਐਮ.ਐਸ.ਵਰਡ ਵਿਚ ਡਾਕੂਮੈਂਟ ਵਿਊ ਬਾਰੇ ਵਿਸਤਾਰ ਨਾਲ ਦੱਸੋ।**

ਉ: ਐਮ.ਐਸ.ਵਰਡ ਵਿਚ ਡਾਕੂਮੈਂਟ ਵਿਊ ਕਰਨ (ਦੇਖਣ) ਦੇ 5 ਤਰੀਕੇ ਹੇਠ ਲਿਖੇ ਅਨੁਸਾਰ ਹਨ:

1. **ਪ੍ਰਿੰਟ ਲੇਅ-ਆਊਟ ਵਿਊ**: ਇਹ ਡਾਕੂਮੈਂਟ ਨੂੰ ਉਸੇ ਤਰ੍ਹਾਂ ਦਿਖਾਉਂਦਾ ਹੈ ਜਿਸ ਤਰ੍ਹਾਂ ਉਹ ਪ੍ਰਿੰਟ ਹੋਵੇਗਾ।
2. **ਫੁੱਲ ਸਕ੍ਰੀਨ ਲੇਅ-ਆਊਟ ਵਿਊ**: ਇਹ ਵਿਊ ਡਾਕੂਮੈਂਟ ਨੂੰ ਆਸਾਨੀ ਨਾਲ ਪੜ੍ਹਨ ਯੋਗ ਬਣਾਉਂਦਾ ਹੈ।
3. **ਵੈਬ ਲੇਅ-ਆਊਟ ਵਿਊ**: ਇਹ ਡਾਕੂਮੈਂਟ ਨੂੰ ਵੈਬ ਬ੍ਰਾਊਜ਼ਰ ਵਿਚ ਦਿਖਣ ਯੋਗ ਬਣਾਉਂਦਾ ਹੈ।
4. **ਆਊਟ ਲਾਈਨ ਵਿਊ**: ਇਹ ਡਾਕੂਮੈਂਟ ਨੂੰ ਆਊਟਲਾਈਨ ਫਾਰਮ ਵਿਚ ਦਿਖਾਉਂਦਾ ਹੈ।
5. **ਡਰਾਫਟ ਵਿਊ**: ਇਸ ਵਿਊ ਵਿਚ ਡਾਕੂਮੈਂਟ ਵਿਚ ਆਸਾਨੀ ਨਾਲ ਤਬਦੀਲੀ ਕੀਤੀ ਜਾ ਸਕਦੀ ਹੈ।

**3. ਐਮ.ਐਸ.ਵਰਡ ਵਿਚ ਫਾਈਲ ਕਿਵੇਂ ਬਣਾਈ ਅਤੇ ਸੇਵ ਕੀਤੀ ਜਾਂਦੀ ਹੈ?**

**ਉ: ਐਮ ਐਸ ਵਰਡ ਵਿਚ ਨਵੀਂ ਫਾਈਲ ਬਨਾਉਣ ਦੇ ਸਟੈਪ ਹੇਠ ਲਿਖੇ ਹਨ:**

1. File ਮੀਨੂੰ ਵਿਚ New ਆਪਸ਼ਨ ਤੇ ਕਲਿੱਕ ਕਰੋ।
2. Blank ਡਾਕੂਮੈਂਟ ਆਪਸ਼ਨ ਤੇ ਕਲਿੱਕ ਕਰੋ।
3. Create ਬਟਨ ਤੇ ਕਲਿੱਕ ਕਰੋ।

**ਐਮ ਐਸ ਵਰਡ ਵਿਚ ਫਾਈਲ ਸੇਵ ਕਰਨ ਦੇ ਸਟੈਪ ਹੇਠ ਲਿਖੇ ਹਨ:**

1. File ਮੀਨੂੰ ਵਿਚ Save ਆਪਸ਼ਨ ਤੇ ਕਲਿੱਕ ਕਰੋ।
2. Save As ਡਾਇਲਾਗ ਬਾਕਸ ਵਿਚ ਫਾਈਲ ਦਾ ਨਾਂ ਟਾਈਪ ਕਰੋ।
3. Save ਬਟਨ ਤੇ ਕਲਿੱਕ ਕਰੋ।

**FULL FORMS:**

| | | | | | |
|---|---|---|---|---|---|
| CPU | : | ਸ਼ੈਂਟਰਲ ਪ੍ਰੋਸੈਸਿੰਗ ਯੂਨਿਟ | BCR | : | ਬਾਰ ਕੋਡ ਰੀਡਰ |
| ALU | : | ਅਰਥਮੈਟਿਕ ਲੌਜਿਕ ਯੂਨਿਟ | VDU | : | ਵੀਡੀਓ ਡਿਸਪਲੇਅ ਯੂਨਿਟ |
| CU | : | ਕੰਟਰੋਲ ਯੂਨਿਟ | MICR | : | ਮੈਗਨੇਟਿਕ ਇੰਕ ਕਰੈਕਟਰ ਰੀਕੋਗਨੀਸ਼ਨ |
| MU | : | ਮੈਮਰੀ ਯੂਨਿਟ | CRT | : | ਕੈਥੋਡ ਰੇਅ ਟਿਊਬ |
| RAM | : | ਰੈਂਡਮ ਐਕਸੈਸ ਮੈਮਰੀ | LCD | : | ਲਿਕੁਏਡ ਕ੍ਰਿਸਟਲ ਡਿਸਪਲੇਅ |
| ROM | : | ਰੀਡ ਓਨਲੀ ਮੈਮਰੀ | LED | : | ਲਾਈਟ ਐਮਿਟਿੰਗ ਡਾਇਡ |
| GUI | : | ਗ੍ਰਾਫੀਕਲ ਯੂਜ਼ਰ ਇੰਟਰਫੇਸ | DMP | : | ਡਾਟ ਮੈਟ੍ਰਿਕਸ ਪ੍ਰਿੰਟਰ |
| SMPS | : | ਸਵਿੱਚ ਮੋਡ ਪਾਵਰ ਸਪਲਾਈ | CAD | : | ਕੰਪਿਊਟਰ ਏਡਿਡ ਡਿਜਾਇਨ |
| CD | : | ਕੰਪੈਕਟ ਡਿਸਕ | MS Paint | : | ਮਾਈਕ੍ਰੋ ਸਾਫਟ ਪੇਂਟ |
| DVD | : | ਡੀਜੀਟਲ ਵੀਡੀਓ ਡਿਸਕ | | | |

**SHORTCUT KEYS**

| | | | |
|---|---|---|---|
| Ctrl+N | : | New File | ਨਵੀਂ ਫਾਈਲ ਬਨਾਉਣ ਲਈ |
| Ctrl+S | : | Save File | ਫਾਈਲ ਸੇਵ ਕਰਨ ਲਈ |
| Ctrl+O | : | Open File | ਪੁਰਾਣੀ ਫਾਈਲ ਖੋਲਣ ਲਈ |
| Ctrl+W | : | Close | ਖੋਲੀ ਹੋਈ ਫਾਈਲ ਨੂੰ ਬੰਦ ਕਰਨ ਲਈ |
| Alt+F4 | : | Exit | ਪ੍ਰੋਗਰਾਮ ਬੰਦ ਕਰਨ ਲਈ |
| Ctrl+P | : | Print File | ਫਾਈਲ ਪ੍ਰਿੰਟ ਕਰਨ ਲਈ |
| Ctrl+X | : | Cut | ਸਲੈਕਟ ਕੀਤੀ ਚੀਜ਼ ਕੱਟ ਕਰਨ ਲਈ |
| Ctrl+C | : | Copy | ਸਲੈਕਟ ਕੀਤੀ ਚੀਜ਼ ਕਾਪੀ ਕਰਨ ਲਈ |
| Ctrl+V | : | Paste | ਕੱਟ ਜਾਂ ਕਾਪੀ ਕੀਤੀ ਚੀਜ਼ ਪੇਸਟ ਕਰਨ ਲਈ |
| Ctrl+Z | : | Undo | ਅੰਤਿਮ ਕੀਤਾ ਕੰਮ ਵਾਪਿਸ ਕਰਨ ਲਈ |
| Ctrl+Y | : | Redo | ਅੱਨਡੂ ਕੀਤਾ ਕੰਮ ਵਾਪਿਸ ਲਿਆਉਣ ਲਈ |
| F12 | : | Save As | ਫਾਈਲ ਦੀ ਕਾਪੀ ਬਨਾਉਣ ਲਈ। |